# ਗੁਰਮਤਿ ਦਰਸ਼ਨ ਦੇ ਪਰਿਪੇਖ ‘ਚ ਸਦਗੁਣ



## ਡਾ. ਪਰਮਵੀਰ ਸਿੰਘ

*Centre for Positive Philosophy*

*and Interdisciplinary Studies (CPPIS)*

*Pehowa (Kurukshetra)*

http://positivephilosophy.webs.com

The Positive Philosophy

**Lecture Series-V**

**Values with reference to Sikhism**

**Dr. Paramvir Singh**

**19th November, 2015**

**© Centre for Positive Philosophy and Interdisciplinary Studies (CPPIS), Pehowa (Kurukshetra)**

All rights reserved. no part of this publication may be reproduced, stored or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above mentioned publisher of this lecture.

**Series Editor:**

Dr. Desh Raj Sirswal, Assistant Professor (Philosophy), P. G. Govt. College for Girls, Sector-11, Chandigarh

**Publisher:**

Centre for Positive Philosophy and Interdisciplinary Studies (CPPIS), Milestone Education Society (Regd.), Balmiki Dharmashala, Ward No.06, Pehowa (Kurukshetra)-136128 (Haryana) Website: http://positivephilosophy.webs.com, Email: cppiskkr@gmail.com

# Editor's Note

The Centre for Positive Philosophy and Interdisciplinary Studies (CPPIS) Pehowa (Kurushetra) publishing this series of lectures since 2012. The present lecture "Virtues with reference to Sikhism" delivered by Dr. Paramvir Singh (Head, Department of Encyclopedia of Sikhism, Panjabi University, Patiala) in *ICPR Periodical Lectures-2015* organised by the Department of Philosophy, P.G.Govt. College for Girls, Sector-11, Chandigarh held on 11th February, 2015.

Dr. Paramvir Singh discussed that dharma and virtues are related to each other. In ancient times a religious person considered as a virtuous person. With the span of time, the criteria of religious person and virtuous person have changes and it was considered that a person can be a virtuous person without being a follower of any religion. Between these religions Jainism and Buddhism are major religions. He quoted several examples from the teachings of several religions like Hinduism, Buddhism, Jainism and Islam etc. He also discussed the popular Western theories of virtues. According to Socrates knowledge is virtue. Plato said that virtues are the basis of all religions and of ideal society. Aristotle propounded his theory of golden mean and gave a detailed account of his theory of virtue. In Sikhism virtues are the sole characteristics of the ultimate reality and truth come first from all other virtues like reason, courage, patience and justice etc. The primacy of truth justified the proper importance of other virtues as it is the foremost important condition for all other virtues. In Sikhism all actions those lead a person towards the realization of God, under the criteria of virtue. Virtues integrated the man's thought and action. If one engages in the service of God's creation, this is the best way of working in harmony with the Divine Will. Further, by remembering Waheguru one becomes aware of "God desires" and "Divine essence" within the person is realised. By following these "Divine Values" that benefit His Creation, one ends the cycle of Karma and Transmigration. We can find a practical approach to follow these virtues in Sikhism and teachings of all the Gurus motivated us to do so. In Sikhism, to have a virtuous life although a difficult task but not impossible. Sikhism is founded on principles of 'Sarbat da bhalla' - working towards the "common good of all". For Sikhs, this means reaching out to serve and uplift all of humanity as an expression or devotion to the Creator. This lecture is an important document for students and researchers of philosophy of Sikhism.

Hope this initiative of the Centre welcome by our scholars and a kind response we will hear from them. We are thankful to our teachers and scholars who are continually motivating us for this kind of initiatives. We seek their blessings all time to do CPPIS's work better.

Dr. Desh Raj Sirswal
19th November, 2015
(World Philosophy Day)

# ਗੁਰਮਤਿ ਦਰਸ਼ਨ ਦੇ ਪਰਿਪੇਖ 'ਚ ਸਦਗੁਣ

ਧਰਮ ਅਤੇ ਸਦਾਚਾਰ ਦਾ ਆਪਸ ਵਿੱਚ ਬਹੁਤ ਗੂੜ੍ਹਾ ਸੰਬੰਧ ਹੈ। ਪੁਰਾਤਨ ਸਮੇਂ ਵਿੱਚ ਧਰਮੀ ਪੁਰਖ ਨੂੰ ਸਦਾਚਾਰੀ ਸਮਝਿਆ ਜਾਂਦਾ ਸੀ। ਸਮੇਂ ਦੇ ਨਾਲ-ਨਾਲ ਧਰਮੀ ਸਮਝੇ ਜਾਣ ਵਾਲਿਆਂ ਵਿੱਚ ਗਿਰਾਵਟ ਆਉਣ ਲੱਗੀ ਤਾਂ ਸਦਾਚਾਰੀ ਮਨੁੱਖਾਂ ਦੀ ਪਛਾਣ ਦੇ ਵੱਖਰੇ ਪੈਮਾਨੇ ਸਾਹਮਣੇ ਆਉਣ ਲੱਗੇ। ਇਹ ਮੰਨਿਆ ਜਾਣ ਲੱਗਾ ਕਿ ਧਰਮ ਤੋਂ ਮੁਕਤ ਹੋ ਕੇ ਵੀ ਮਨੁੱਖ ਸਦਾਚਾਰੀ ਜੀਵਨ ਬਸਰ ਕਰ ਸਕਦਾ ਹੈ। ਕੁੱਝ ਧਰਮ ਪ੍ਰਭੂ ਮੁਕਤ ਸਦਾਚਾਰਕ ਜੀਵਨ ਵਿਚ ਵੀ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਵਿਚੋਂ ਜੈਨ ਅਤੇ ਬੁੱਧ ਧਰਮ ਦਾ ਨਾਂ ਵਿਸ਼ੇਸ਼ ਤੌਰ ਤੇ ਲਿਆ ਜਾਂਦਾ ਹੈ। ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਨੇ ਸਦਾਚਾਰਕ ਜੀਵਨਜਾਚ ਤੇ ਵਧੇਰੇ ਜ਼ੋਰ ਦਿੱਤਾ ਹੈ। ਜੈਨ ਧਰਮ ਦੇ ਪੰਜ ਮਹਾਂਵਰਤ - ਅਹਿੰਸਾ - ਹਿੰਸਾ ਨਾ ਕਰਨੀ, ਸਤਯ - ਸਦਾ ਸੱਚ ਬੋਲਣਾ, ਅਸਤੇਯ - ਚੋਰੀ ਨਾ ਕਰਨਾ, ਅਪਰਿਗ੍ਰਹਿ - ਪਦਾਰਥਕ ਵਸਤਾਂ ਦਾ ਭੰਡਾਰ ਨਾ ਕਰਨਾ, ਬ੍ਰਹਮਚਰਯ - ਗ੍ਰਹਿਸਤ ਤੋਂ ਦੂਰ ਰਹਿਣਾ ਦਾ ਪਾਲਣ ਕਰਨ ਤੇ ਜ਼ੋਰ ਦਿੱਤਾ ਅਤੇ ਮਹਾਤਮਾ ਬੁੱਧ ਨੇ ਪੰਜ ਸਦਗੁਣਾਂ - ਅਹਿੰਸਾ, ਸਤਯ, ਅਸਤੇਯ, ਸੰਜਮ ਅਤੇ ਨਸ਼ਿਆਂ ਤੋਂ ਦੂਰ ਰਹਿਣਾ - ਨੂੰ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਸਦਾਚਾਰੀ ਰਹਿਣ ਲਈ ਯਹੂਦੀ ਧਰਮ ਵਿਚ ਦਸ ਆਦੇਸ਼ਾਂ ਦਾ ਪਾਲਣ ਕਰਨ ਲਈ ਕਿਹਾ ਗਿਆ ਹੈ, ਇਸਲਾਮ ਦੇ ਪੰਜ ਥੰਮ ਇਸ ਦਿਸ਼ਾ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ।

ਮਨੁੱਖ ਆਪਣੀ ਸੰਸਾਰਕ ਯਾਤਰਾ ਦੌਰਾਨ ਦੂਜੇ ਜੀਵਾਂ ਦੇ ਨੇੜੇ ਜਾਣਾ ਲੋਚਦਾ ਹੈ। ਮਨੁੱਖ ਦੀ ਸੁਭਾਵਿਕ ਬਿਰਤੀ ਹੈ ਕਿ ਉਹ ਮਨੁੱਖਾਂ ਨਾਲ ਹੀ ਜਾਨਵਰਾਂ ਅਤੇ ਰੁੱਖਾਂ ਨਾਲ ਵੀ ਸੰਵਾਦ ਰਚਾਉਂਦਾ ਹੈ। ਸੰਵਾਦ ਦੀ ਬਿਰਤੀ ਮਨੁੱਖ ਨੂੰ ਕੁਦਰਤ ਦੇ ਨੇੜੇ ਲੈ ਕੇ ਆਉਂਦੀ ਹੈ। ਕੁਦਰਤ ਦਾ ਵੀ ਇਹ ਨਿਯਮ ਹੈ ਕਿ ਇਸ ਵਿਚ ਮੌਜੂਦ ਕੋਈ ਵੀ ਵਸਤੂ ਜਾਂ ਹਸਤੀ ਇਕੱਲੇ ਤੌਰ 'ਤੇ ਸੰਪੂਰਨ ਵਿਕਾਸ ਨਹੀਂ ਕਰ ਸਕਦੀ। ਇਕ ਦੂਜੇ ਦਾ ਸਹਾਰਾ ਅਤੇ ਸਹਿਯੋਗ ਕੁਦਰਤ ਦਾ ਨਿਯਮ ਹੈ ਜਿਸ ਦਾ ਵਰਨਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ - ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥[1] ਸੰਵਾਦ ਦੀ ਬਿਰਤੀ ਵਿਚੋਂ ਮਨੁੱਖ ਨੇ ਕੀ ਧਾਰਨ ਕਰਨਾ ਹੈ? ਇਹ ਇਕ ਵੱਡਾ ਪ੍ਰਸ਼ਨ ਹੈ। ਸੰਵਾਦ ਦੀ ਬਿਰਤੀ ਆਪਣੇ ਆਪ ਨੂੰ ਦੂਜਿਆਂ ਤੋਂ ਸ੍ਰੇਸ਼ਟ ਦਰਸਾਉਣ ਅਤੇ ਉਹਨੇ 'ਤੇ ਸਥਾਪਿਤ ਹੋਣ ਦੀ ਭਾਵਨਾ ਵਾਲੇ ਮਾਰਗ 'ਤੇ ਵੀ ਲੈ ਜਾਂਦੀ ਹੈ ਅਤੇ ਇਹ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਵਿਚ ਵੀ ਸਹਾਈ ਹੁੰਦੀ ਹੈ। ਸੰਵਾਦ ਕਰਨ ਸਮੇਂ ਮਨੁੱਖ ਦੀ ਬਿਰਤੀ ਪ੍ਰਮੁਖ ਭੂਮਿਕਾ ਨਿਭਾਉਂਦੀ ਹੈ। ਸੰਵਾਦ ਸਮੇਂ ਮਨੁੱਖ ਦੇ ਮਨ 'ਤੇ ਜੇਕਰ ਸਵਾਰਥ ਭਾਰੂ ਹੈ ਤਾਂ ਉਹ ਨਿਮਨ ਬਿਰਤੀਆਂ ਦਾ ਪ੍ਰਗਟਾਵਾ ਕਰਦਾ ਹੈ ਪਰ ਜੇਕਰ ਉਹ ਨਿਰੰਕਾਰ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ ਤਾਂ ਸਹਿਜ, ਸੰਜਮ ਅਤੇ ਪਰਉਪਕਾਰ ਦੀ ਭਾਵਨਾ ਪ੍ਰਗਟ ਹੁੰਦੀ ਹੈ। ਗੁਰੂ ਸਾਹਿਬਾਨ ਨੇ ਨਿਰੰਕਾਰ ਨੂੰ ਕੇਂਦਰ ਵਿਚ ਰੱਖ ਕੇ ਸੰਸਾਰ ਦੀ ਵਿਆਖਿਆ ਕਰਨ 'ਤੇ ਜ਼ੋਰ ਦਿੱਤਾ ਹੈ ਜਿਸ ਦਾ ਵਿਖਿਆਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਦੱਸਦੇ ਹਨ:

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥[2]

ਭਾਰਤੀ ਧਰਮਾਂ ਵਿੱਚ ਮਨੁੱਖੀ ਜੀਵਨ ਦਾ ਉਦੇਸ਼ ਮੁਕਤੀ ਪ੍ਰਾਪਤ ਕਰਨਾ ਮੰਨਿਆ ਗਿਆ ਹੈ। ਇਸ ਕਰਕੇ ਇਹ ਕਿਹਾ ਗਿਆ ਹੈ ਕਿ ਮਨੁੱਖ ਨੇ ਸਮਾਜ ਵਿੱਚ ਪ੍ਰਭੂ-ਮੁਖੀ ਸਦਾਚਾਰੀ ਜੀਵਨ ਬਸਰ ਕਰਨਾ ਹੈ ਪਰ ਉਹ ਆਪਣੇ ਉਦੇਸ਼ ਤੋਂ ਖੁੰਝ ਗਿਆ ਅਤੇ ਉਸ ਦੇ ਸਮੂਹ ਕਾਰਜ ਦੁਨਿਆਵੀ ਜੀਵਨ ਦੀਆਂ ਸੁੱਖ-ਸੁਵਿਧਾਵਾਂ ਪ੍ਰਾਪਤ ਕਰਨ ਤੱਕ ਹੀ ਸਿਮਟ ਕੇ

ਰਹਿ ਗਏ ਹਨ। ਦੁਨਿਆਵੀ ਸਹੂਲਤਾਂ ਨੂੰ ਹਾਸਲ ਕਰਨ ਲਈ ਮਨੁੱਖ ਕਿਸੇ ਵੀ ਸਾਧਨ ਦੀ ਵਰਤੋਂ ਲਈ ਤਿਆਰ ਰਹਿੰਦਾ ਹੈ ਅਤੇ ਅਕਸਰ ਉਹ ਉਨ੍ਹਾਂ ਤਰੀਕਿਆਂ ਦੀ ਵਰਤੋਂ ਕਰਦਾ ਹੈ ਜਿਹੜੇ ਸਦਾਚਾਰੀ ਅਤੇ ਸੱਭਿਅਕ ਸਮਾਜ ਵਿੱਚ ਅਯੋਗ ਮੰਨੇ ਜਾਂਦੇ ਹਨ। ਇਸ ਤਰ੍ਹਾਂ ਮਨੁੱਖ ਸਦਗੁਣਾਂ ਦੀ ਬਜਾਏ ਔਗੁਣਾਂ ਨੂੰ ਜੀਵਨ ਵਿੱਚ ਧਾਰਨ ਕਰਨ ਲੱਗਦਾ ਹੈ ਜਿਵੇਂ ਕਿ ਗੁਰੂ ਅਮਰਦਾਸ ਜੀ ਕਹਿੰਦੇ ਹਨ:

ਲੋਕੁ ਅਵਗਣਾ ਕੀ ਬੰਨੈ੍ ਗੰਠੜੀ ਗੁਣ ਨ ਵਿਹਾਝੈ ਕੋਇ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ॥[3]

ਸਦਗੁਣ ਉਨ੍ਹਾਂ ਗੁਣਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਨਾਲ ਮਨੁੱਖੀ ਜੀਵਨ ਵਿੱਚ ਸ੍ਰੇਸ਼ਟਤਾ ਕਾਇਮ ਹੁੰਦੀ ਹੈ ਅਤੇ ਜਿਸ ਨੂੰ ਧਾਰਨ ਕਰਨ ਨਾਲ ਮਨੁੱਖੀ ਸ਼ਖ਼ਸੀਅਤ ਦਾ ਵਿਕਾਸ ਹੁੰਦਾ ਹੈ। ਸਦਗੁਣਾਂ ਨੂੰ ਜੀਵਨਜਾਚ ਦਾ ਅੰਗ ਬਣਾਉਣ ਨਾਲ ਹਰ ਤਰ੍ਹਾਂ ਦੇ ਦੁੱਖ-ਸੁੱਖ ਮੌਕੇ ਸਹਿਜ ਦੀ ਅਵਸਥਾ ਬਣੀ ਰਹਿੰਦੀ ਹੈ ਅਤੇ ਚਰਿੱਤਰ ਵਿੱਚ ਗਿਰਾਵਟ ਨਹੀਂ ਆਉਂਦੀ। ਸਦਾਚਾਰੀ ਖੇਤਰ ਵਿੱਚ ਸਦਗੁਣਾਂ ਦਾ ਸੰਬੰਧ ਮਨੁੱਖ ਦੇ ਅੰਦਰੂਨੀ ਜੀਵਨ ਨਾਲ ਹੁੰਦਾ ਹੈ ਪਰ ਇਸ ਦਾ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਸਦਗੁਣਾਂ ‘ਤੇ ਬਾਹਰੀ ਜੀਵਨ ਦਾ ਕੋਈ ਪ੍ਰਭਾਵ ਨਹੀਂ ਹੁੰਦਾ। ਬਚਪਨ ਵਿੱਚ ਮਨੁੱਖ ਦੋਸ਼-ਰਹਿਤ ਹੁੰਦਾ ਹੈ ਅਤੇ ਉਸ ਦੀ ਹਰ ਤਰ੍ਹਾਂ ਦੀ ਗਲਤੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ। ਜਦੋਂ ਬੱਚਾ ਵਿਕਾਸ ਦੇ ਪੜਾਅ ਤੇ ਪੈਰ ਰੱਖਦਾ ਤਾਂ ਉਸ ਦੇ ਮਨ ਤੇ ਉਸ ਦੇ ਆਲੇ-ਦੁਆਲੇ ਦਾ ਪ੍ਰਭਾਵ ਪੈਣਾ ਅਰੰਭ ਹੋ ਜਾਂਦਾ ਹੈ। ਮਾਤਾ-ਪਿਤਾ, ਭੈਣ-ਭਰਾ, ਦੋਸਤ, ਰਿਸ਼ਤੇਦਾਰ ਅਤੇ ਅਧਿਆਪਕ ਦਾ ਬੱਚੇ ਦੇ ਜੀਵਨ ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ। ਮੁੱਢਲੇ ਤੌਰ ਤੇ ਬੱਚੇ ਦੀ ਸ਼ਖ਼ਸੀਅਤ ਵਿੱਚ ਉਹੀ ਗੁਣ ਪ੍ਰਵੇਸ਼ ਕਰਦੇ ਹਨ ਜਿਹੜੇ ਉਸ ਨੇ ਉਕਤ ਸੰਬੰਧਾਂ ਤੋਂ ਸਿੱਖੇ ਹੁੰਦੇ ਹਨ। ਇਸ ਤੋਂ ਇਲਾਵਾ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵੀ ਬੱਚੇ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਭੂਮਿਕਾ ਨਿਭਾਉਂਦੇ ਹਨ। ਬੱਚੇ ਦੇ ਵਿਕਾਸਮੁਖੀ ਪੜਾਅ ਤੇ ਇਕ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਉਸ ਦੀ ਬੁੱਧੀ ਦਾ ਵਿਕਾਸ ਹੁੰਦਾ ਹੈ ਅਤੇ ਉਹ ਇਹ ਸਮਝਣ ਦੇ ਯੋਗ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਉਸ ਲਈ ਕੀ ਸਹੀ ਜਾਂ ਗ਼ਲਤ ਹੈ। ਬੱਚੇ ਦੇ ਜੀਵਨ ਵਿੱਚ ਇਹ ਉਹ ਸਮਾਂ ਹੁੰਦਾ ਹੈ ਜਦੋਂ ਉਸ ਨੇ ਆਪਣੇ ਜੀਵਨ ਦੀ ਦਿਸ਼ਾ ਨਿਰਧਾਰਿਤ ਕਰਨੀ ਹੁੰਦੀ ਹੈ। ਚੜ੍ਹਦੀ ਜਵਾਨੀ ਵਾਲੀ ਉਮਰ ਆਪਣੀ ਚੰਚਲਤਾਈ ਦਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੰਦੀ ਹੈ ਜਿਸ ਕਾਰਨ ਨਕਾਰਾਤਮਿਕ ਪਹਿਲੂ ਉਸ ਦੇ ਜੀਵਨ ਤੇ ਵਧੇਰੇ ਪ੍ਰਭਾਵ ਪਾਉਂਦੇ ਹਨ ਅਤੇ ਉਨ੍ਹਾਂ ਵੱਲ ਉਹ ਛੇਤੀ ਹੀ ਖਿੱਚਿਆ ਚੱਲਾ ਜਾਂਦਾ ਹੈ। ਇਸ ਉਮਰ ਵਿੱਚ ਬੱਚੇ ਨੂੰ ਸਹਿਜ ਨਾਲ ਸਮਝਾਉਣ ਦੀ ਵਾਰ-ਵਾਰ ਲੋੜ ਪੈਂਦੀ ਹੈ ਅਤੇ ਜਿਨ੍ਹਾਂ ਬੱਚਿਆਂ ਵਿੱਚ ਸੋਝੀ ਪੈਦਾ ਹੋ ਜਾਂਦੀ ਹੈ, ਉਹ ਸਮਾਜ ਦੀ ਭਲਾਈ ਲਈ ਯੋਗਦਾਨ ਪਾਉਣ ਦੇ ਸਮਰੱਥ ਹੋ ਜਾਂਦੇ ਹਨ।

ਧਰਮ ਮਨੁੱਖ ਦੇ ਜੀਵਨ ਦਾ ਮਹੱਤਵਪੂਰਨ ਪਹਿਲੂ ਹੈ ਅਤੇ ਸਾਰੀ ਉਮਰ ਮਨੁੱਖ ਤੇ ਇਸ ਦਾ ਪ੍ਰਭਾਵ ਪਿਆ ਰਹਿੰਦਾ ਹੈ। ਜੇਕਰ ਕੋਈ ਵਿਅਕਤੀ ਜਵਾਨੀ ਦੇ ਜ਼ੋਸ਼ ਵਿੱਚ ਇਸ ਤੋਂ ਲਾਂਭੇ ਚੱਲਾ ਜਾਵੇ ਤਾਂ ਉਸ ਨੂੰ ਫਿਰ ਵਾਪਸ ਏਸੇ ਦੀ ਸ਼ਰਨ ਆਉਣਾ ਪੈਂਦਾ ਹੈ। ਭਾਰਤੀ ਸਮਾਜ ਤੇ ਧਰਮ ਦਾ ਗਹਿਰਾ ਪ੍ਰਭਾਵ ਹੈ, ਏਥੇ ਧਰਮ ਕੇਵਲ ਸਦਾਚਾਰਕ ਗੁਣਾਂ ਦੀ ਪ੍ਰੇਰਨਾ ਹੀ ਨਹੀਂ ਦਿੰਦਾ ਬਲਕਿ ਇਸ ਤੋਂ ਅਗਲੇ ਜੀਵਨ ਦੀਆਂ ਸਮੱਸਿਆਵਾਂ ਦਾ ਰਾਹ ਦਰਸਾਉਂਦਾ ਵੀ ਪ੍ਰਤੀਤ ਹੁੰਦਾ ਹੈ। ਪੱਛਮੀ ਸਮਾਜ ਵਰਤਮਾਨ ਵਿੱਚ ਵਧੇਰੇ ਵਿਸ਼ਵਾਸ ਰੱਖਦਾ ਹੈ ਅਤੇ ਏਸੇ ਬਿਰਤੀ ਅਧੀਨ ਉਹ ਆਪਣੀਆਂ ਸਮੂਹ ਸਮੱਸਿਆਵਾਂ ਦਾ ਹੱਲ ਵਰਤਮਾਨ ਪ੍ਰਸਥਿਤੀਆਂ ਵਿੱਚੋਂ ਲੱਭਣ ਦਾ ਯਤਨ ਕਰਦਾ ਹੈ, ਉਨ੍ਹਾਂ ਦੇ ਸਮਾਜ ਦੀਆਂ ਸਮੂਹ ਕਦਰਾਂ-ਕੀਮਤਾਂ ਵਰਤਮਾਨ ਦੇ ਆਲੇ-ਦੁਆਲੇ ਹੀ ਘੁੰਮਦੀਆਂ ਹਨ। ਈਸਾਈ ਧਰਮ ਦਾ ਪ੍ਰਭਾਵ ਵੀ ਉਨ੍ਹਾਂ ਦੀ ਇਸ

ਬਿਰਤੀ ਨੂੰ ਬਦਲਣ ਤੋਂ ਅਸਮਰੱਥ ਰਿਹਾ ਹੈ। ਇਸ ਦੇ ਵਿਪਰੀਤ ਪੱਛਮੀ ਏਸ਼ੀਆ ਅਤੇ ਭਾਰਤੀ ਸਮਾਜ ਦੀਆਂ ਸਮੂਹ ਸਮੱਸਿਆਵਾਂ ਭਵਿੱਖਮੁਖੀ ਬਿਰਤੀ ਵਿੱਚੋਂ ਉਤਪੰਨ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਸਾਹਮਣੇ ਰੱਖ ਕੇ ਹੀ ਕੋਈ ਹੱਲ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਏਸ਼ੀਆ ਵਿੱਚ ਜਿੰਨੇ ਵੀ ਧਰਮ ਗ੍ਰੰਥ ਸਾਹਮਣੇ ਆਏ ਹਨ, ਉਹ ਸਾਰੇ ਅਗਲੇ ਜੀਵਨ ਦੀ ਤਿਆਰੀ ਲਈ ਪ੍ਰੇਰਨਾ ਕਰਦੇ ਹਨ। ਮੌਤ ਜੀਵਨ ਦੀ ਅਟੱਲ ਸੱਚਾਈ ਹੈ, ਏਸ਼ੀਆ ਦੇ ਸਮੂਹ ਧਰਮਾਂ ਵਿੱਚ ਮੌਤ ਨੂੰ ਜੀਵਨ ਦਾ ਅੰਤ ਨਹੀਂ ਮੰਨਿਆ ਗਿਆ ਬਲਕਿ ਇਸ ਨੂੰ ਅਗਲੇ ਜੀਵਨ ਦੀ ਤਿਆਰੀ ਵੱਜੋਂ ਪੇਸ਼ ਕੀਤਾ ਜਾਂਦਾ ਹੈ। ਏਸ਼ੀਆ ਦੇ ਧਰਮਾਂ ਅਨੁਸਾਰ ਮਨੁੱਖ ਨੇ ਸਦਾਚਾਰੀ ਜੀਵਨ ਇਸ ਲਈ ਧਾਰਨ ਕਰਨਾ ਹੈ ਤਾਂ ਕਿ ਅਗਲੇ ਜੀਵਨ ਵਿੱਚ ਉਸ ਦਾ ਜੀਵਨ ਸੌਖਾ ਅਤੇ ਅਨੰਦਮਈ ਹੋ ਸਕੇ। ਬਾਬਾ ਫ਼ਰੀਦ ਜੀ ਕਹਿੰਦੇ ਹਨ:

ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥[4]

ਸਦਗੁਣਾਂ ਨੂੰ ਮਨੁੱਖੀ ਜੀਵਨ ਵਿੱਚ ਪ੍ਰਪੱਕ ਕਰਨ ਲਈ ਉਸ ਨੂੰ ਧਰਮ ਗ੍ਰੰਥ ਨਾਲ ਜੁੜ੍ਹਨ ਦੀ ਨਿਰੰਤਰ ਲੋੜ ਪੈਂਦੀ ਹੈ। ਪਰਿਵਾਰ ਦੇ ਬਜ਼ੁਰਗ ਬੱਚਿਆਂ ਨੂੰ ਸਦਾਚਰ ਵੱਲ ਪ੍ਰੇਰਿਤ ਕਥਾ-ਕਹਾਣੀਆਂ ਸੁਣਾ ਕੇ ਇਸ ਪਾਸੇ ਲਈ ਰੱਖਣ ਦਾ ਭਰਪੂਰ ਯਤਨ ਕਰਦੇ ਹਨ। ਧਾਰਮਿਕ ਵਿਸ਼ਵਾਸ ਜੀਵਨ ਵਿੱਚ ਪ੍ਰਪੱਕ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਕਿਤੇ ਇਹ ਅੰਧ-ਵਿਸ਼ਵਾਸ ਦੀ ਹੱਦ ਤੱਕ ਨਾ ਚਲੇ ਜਾਣ। ਅੰਧ-ਵਿਸ਼ਵਾਸੀ ਨਾ ਤਾਂ ਆਪਣਾ ਜੀਵਨ ਸਵਾਰ ਸਕਦਾ ਹੈ ਅਤੇ ਨਾ ਹੀ ਉਹ ਸਮਾਜ ਵਿੱਚ ਦੂਜਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਉਜਾਗਰ ਹੋਣ ਦਿੰਦਾ ਹੈ, ਆਪਣੇ ਦੁਆਰਾ ਕੀਤਾ ਕਰਮਕਾਂਡ ਹੀ ਉਸ ਨੂੰ ਸ੍ਰੇਸ਼ਟ ਲੱਗਦਾ ਹੈ। ਇਕ ਧਰਮ ਦੀਆਂ ਕਦਰਾਂ-ਕੀਮਤਾਂ ਵੀ ਉਸ ਸਮੇਂ ਤੱਕ ਹੀ ਸ੍ਰੇਸ਼ਟ ਮੰਨੀਆਂ ਜਾਂਦੀਆਂ ਹਨ ਜਦੋਂ ਤੱਕ ਇਨ੍ਹਾਂ ਦੀ ਵਰਤੋਂ ਲੋਕਾਈ ਦੀ ਭਲਾਈ ਲਈ ਹੁੰਦੀ ਰਹੇ। ਕੇਵਲ ਧਰਮ ਦਾ ਹਿੱਸਾ ਬਣੇ ਰਹਿਣਾ ਹੀ ਕਾਫ਼ੀ ਨਹੀਂ ਹੁੰਦਾ, ਧਰਮ ਦੀਆਂ ਕਦਰਾਂ-ਕੀਮਤਾਂ ਦੀ ਖ਼ੁਸ਼ਬੋ ਦੂਜਿਆਂ ਤੱਕ ਵੀ ਜਾਣੀ ਚਾਹੀਦੀ ਹੈ। ਭਾਈ ਗੁਰਦਾਸ ਜੀ ਦੱਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਸ਼ੁਭ ਅਮਲਾਂ ਨੂੰ ਧਰਮ ਤੋਂ ਸ੍ਰੇਸ਼ਟ ਮੰਨਦੇ ਸਨ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।[5]

ਸ਼ੁਭ ਅਮਲ ਮਨੁੱਖੀ ਜੀਵਨ ਨੂੰ ਆਦਰਸ਼ ਰੂਪ ਵਿੱਚ ਸਥਾਪਤ ਕਰਨ ਦਾ ਕਾਰਜ ਕਰਦੇ ਹਨ। ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਸ਼ੁਭ ਅਮਲਾਂ ਨਾਲ ਜੁੜੇ ਹੁੰਦੇ ਹਨ, ਇਸ ਕਰਕੇ ਗੁਰੂ ਨਾਨਕ ਦੇਵ ਜੀ ਸੱਚੇ ਆਚਰਣ ਨੂੰ ਪਰਮਸਤਿ ਤੋਂ ਉੱਤਮ ਮੰਨਦੇ ਹੋਏ ਕਹਿੰਦੇ ਹਨ:

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[6]

ਫੋਕੇ ਕਰਮਕਾਂਡਾਂ ਵਿਚੋਂ ਗੁਣ ਪੈਦਾ ਨਹੀਂ ਹੁੰਦੇ ਅਤੇ ਨਾ ਹੀ ਧਾਰਮਿਕ ਪਹਿਰਾਵਾ ਧਾਰਨ ਕਰਨ ਨਾਲ ਮਨ ਵਿਚ ਕੋਈ ਪਰਿਵਰਤਨ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਧਾਰਮਿਕ ਭੇਖ ਨਾਲੋਂ ਗੁਣਾਂ 'ਤੇ ਵਧੇਰੇ ਜ਼ੋਰ ਦਿੰਦੇ ਹਨ। ਉਹ ਕਹਿੰਦੇ ਹਨ ਕਿ ਧਾਰਮਿਕ ਪਹਿਰਾਵਾ ਵੀ ਤਾਂ ਹੀ ਸਾਰਥਿਕ ਹੈ ਜੇਕਰ ਉਸ ਨੂੰ ਪਹਿਨਣ ਵਾਲੇ ਵਿਅਕਤੀ ਦੇ ਜੀਵਨ ਵਿਚੋਂ ਉਹ ਜਿਹੇ ਗੁਣਾਂ ਦਾ ਪ੍ਰਗਟਾਵਾ ਵੀ ਹੁੰਦਾ ਹੈ। ਏਸੇ ਕਰਕੇ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਹਿਨਣ ਲਈ ਕਿਹਾ ਗਿਆ ਤਾਂ ਉਹਨਾਂ ਨੇ ਬਾਹਰੀ ਜਨੇਊ ਧਾਰਨ ਕਰਨ ਦੀ ਬਜਾਏ ਗੁਣਾਂ ਵਾਲਾ ਜਨੇਊ ਧਾਰਨ ਕਰਨ 'ਤੇ ਜ਼ੋਰ ਦਿੱਤਾ ਜਿਨ੍ਹਾਂ ਦੇ ਪ੍ਰਗਟ ਹੋਣ ਨਾਲ ਮਨੁੱਖ ਦਾ ਲੋਕ 'ਤੇ ਪ੍ਰਲੋਕ ਸੁਧਰਨ ਦੇ ਨਾਲ-ਨਾਲ ਉਹਨਾਂ ਦਾ ਜੀਵਨ ਵੀ ਸਫ਼ਲ ਹੋ ਜਾਂਦਾ ਹੈ ਜਿਹੜੇ ਅਜਿਹੇ ਵਿਅਕਤੀ ਦੇ ਸੰਪਰਕ ਵਿਚ ਆਉਂਦੇ ਹਨ। ਗੁਰੂ ਜੀ ਕਹਿੰਦੇ ਹਨ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[7]

ਦਰਸ਼ਨ ਸ਼ਾਸਤਰ ਦੇ ਖੇਤਰ ਵਿੱਚ ਸੁਕਰਾਤ, ਪਲੈਟੋ ਅਤੇ ਅਰਸਤੂ ਦਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਨੇ ਸਮਾਜ ਦਾ ਸਦਾਚਾਰਕ ਤਾਣਾ-ਬਾਣਾ ਉਸਾਰਨ ਲਈ ਜਿਹੜੇ ਯਤਨ ਕੀਤੇ ਸਨ, ਮੌਜੂਦਾ ਸਮੇਂ ਵਿੱਚ ਵੀ ਦਰਸ਼ਨ ਸਾਸਤਰ ਦੇ ਖੇਤਰ ਵਿੱਚ ਉਨ੍ਹਾਂ ਨੂੰ ਹੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਸੁਕਰਾਤ ਨੇ Knowledge is Virtue ਦਾ ਸਿਧਾਂਤ ਪੇਸ਼ ਕੀਤਾ ਹੈ। ਉਹ ਕਹਿੰਦਾ ਹੈ ਕਿ ਗਿਆਨ ਮਨੁੱਖ ਨੂੰ ਅਨੈਤਿਕ ਕਾਰਜ ਕਰਨ ਤੋਂ ਰੋਕਦਾ ਹੈ। ਜੇਕਰ ਮਨੁੱਖ ਗਿਆਨ ਹੁੰਦੇ ਹੋਏ ਵੀ ਅਨੈਤਿਕ ਕਾਰਜ ਕਰਦਾ ਹੈ ਤਾਂ ਉਸ ਦੀ ਮਾਨਸਿਕ ਸਥਿਤੀ ਤੇ ਪ੍ਰਭਾਵ ਪੈਂਦਾ ਹੈ। ਜਾਣਕਾਰੀ ਹੁੰਦੇ ਹੋਏ ਕੀਤਾ ਗਿਆ ਅਨੈਤਿਕ ਕਾਰਜ ਅਨਜਾਣਪੁਣੇ ਵਿਚ ਹੋਏ ਅਨੈਤਿਕ ਕਾਰਜ ਤੋਂ ਵਧੇਰੇ ਬੁਰਾ ਮੰਨਿਆ ਗਿਆ ਹੈ। ਪਲੈਟੋ ਨੇ ਚਾਰ ਸਦਗੁਣਾਂ ਨੂੰ ਪ੍ਰਮੁਖ ਮੰਨਿਆ ਹੈ - ਵਿਵੇਕ ਬੁੱਧੀ (Wisdom), ਸਾਹਸ (Courage), ਸੰਜਮ (Temperance), ਨਿਆਂ (Justice)। ਸਿੱਖ ਧਰਮ ਦੇ ਧਰਮ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਾ ਅਰੰਭ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਰਚਨਾ 'ਜਪੁ' ਰਾਹੀਂ ਹੁੰਦਾ ਹੈ ਜਿਸ ਨੂੰ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰ ਮੰਨਿਆ ਜਾਂਦਾ ਹੈ। ਇਸ ਰਚਨਾ ਵਿੱਚ ਗੁਰੂ ਜੀ ਨੇ ਸਮਾਜ ਦੀ ਸਭ ਤੋਂ ਪ੍ਰਮੁਖ ਸਮੱਸਿਆ ਮਨੁੱਖ ਦੇ ਸਚਿਆਰਾ ਨਾ ਹੋਣ ਨੂੰ ਮੰਨਿਆ ਹੈ ਜਿਸ ਕਰਕੇ ਸਮੁੱਚਾ ਸਮਾਜ ਝੂਠ ਦੇ ਜਾਲ ਵਿੱਚ ਫ਼ਸਿਆ ਹੋਇਆ ਹੈ। ਇਸ ਜਾਲ ਵਿੱਚੋਂ ਨਿਕਲਣ ਦਾ ਇਕੋ ਮਾਰਗ ਮਨੁੱਖ ਦਾ ਸਚਿਆਰਾ ਬਣਨਾ ਹੀ ਦਰਸਾਇਆ ਗਿਆ ਹੈ। ਜਿਹੜਾ ਮਨੁੱਖ ਸਚਿਆਰਾ ਹੈ, ਉਹੀ ਸ੍ਰੇਸ਼ਟ ਹੈ ਅਤੇ ਉਸੇ ਨੂੰ ਗੁਰੂ ਜੀ ਨੇ ਗੁਰਮੁਖ ਕਿਹਾ ਹੈ। ਗੁਰੂ ਜੀ ਨੇ ਪਰਮਾਤਮਾ ਦਾ ਸੰਦੇਸ਼ ਲੋਕਾਈ ਤੱਕ ਪਹੁੰਚਾਉਣ ਲਈ ਉਦਾਸੀਆਂ ਕੀਤੀਆਂ ਸਨ ਅਤੇ ਇਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਉਸ ਸਮੇਂ ਦੇ ਪ੍ਰਸਿੱਧ ਜੋਗੀਆਂ ਨਾਲ ਹੋਈ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਉਦਾਸੀਆਂ ਤੇ ਜਾਣ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਇਸ ਦਾ ਜੁਆਬ ਦਿੰਦੇ ਹੋਏ ਕਿਹਾ ਸੀ - ਗੁਰਮੁਖਿ ਖੋਜਤ ਭਏ ਉਦਾਸੀ॥[8] ਇਸ ਦਾ ਭਾਵ ਸੀ ਕਿ ਸਮਾਜ ਵਿੱਚ ਕੂੜ ਦਾ ਬੋਲਬਾਲਾ ਹੈ ਅਤੇ ਸਚਿਆਰੇ ਮਨੁੱਖ ਹੀ ਸਮਾਜ ਨੂੰ ਇਸ ਸਥਿਤੀ ਵਿੱਚੋਂ ਬਾਹਰ ਕੱਢ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਹੇਠ ਲਿਖੇ ਸਦਗੁਣਾਂ ਦਾ ਜ਼ਿਕਰ ਪ੍ਰਮੁਖ ਤੌਰ ਤੇ ਮਿਲਦਾ ਹੈ:

**ਸੱਚਾਈ (Truthfulness)** - ਸੱਚਾਈ ਸਦਾਚਾਰ ਦਾ ਪ੍ਰਮੁਖ ਗੁਣ ਹੈ ਜਿਸ ਤੋਂ ਬਾਕੀ ਸਮੂਹ ਗੁਣ ਉਜਾਗਰ ਹੁੰਦੇ ਹਨ। ਜਿਹੜਾ ਮਨੁੱਖ ਕਿਸੇ ਵੀ ਘਟਨਾ ਦੇ ਅਰੰਭ ਵਿੱਚ ਸੱਚ ਬੋਲ ਦਿੰਦਾ ਹੈ, ਉਹ ਸੰਤੁਸ਼ਟ ਹੋ ਜਾਂਦਾ ਹੈ। ਅਜਿਹਾ ਨਹੀਂ ਕਿ ਸੱਚ ਬੋਲਣ ਵਾਲੇ ਨੂੰ ਕਸ਼ਟ ਨਹੀਂ ਆਉਂਦੇ, ਕਸ਼ਟ ਉਸ ਦੇ ਜੀਵਨ ਵਿੱਚ ਆਉਂਦੇ ਹਨ ਪਰ ਉਹ ਉਨ੍ਹਾਂ ਤੋਂ ਘਬਰਾਉਂਦਾ ਨਹੀਂ ਬਲਕਿ ਇਸ ਗੱਲ ਵਿੱਚ ਸੰਤੁਸ਼ਟ ਰਹਿੰਦਾ ਹੈ ਕਿ ਉਸ ਨੇ ਸੱਚਾਈ ਦਾ ਪੱਲਾ ਫੜਿਆ ਹੈ ਜਿਹੜੀ ਅਖੀਰ ਜਗਤ ਵਿੱਚ ਉਜਾਗਰ ਹੋ ਜਾਵੇਗੀ। ਭਾਵੇਂ ਕਿ ਸੱਚ ਬੋਲਣ ਵਾਲਾ ਮਨੁੱਖ ਜਗਤ ਵਿੱਚ ਨਾ ਵੀ ਰਹੇ ਤਾਂ ਵੀ ਉਸ ਨੂੰ ਲੋਕ ਯਾਦ ਰੱਖਦੇ ਹਨ ਅਤੇ ਉਸ ਨੂੰ ਸਮਾਜ ਦੇ ਆਦਰਸ਼ ਵੱਜੋਂ ਪੇਸ਼ ਕਰਦੇ ਹਨ, ਉਸ ਦੇ ਪਰਿਵਾਰਕ ਮੈਂਬਰਾਂ ਅਤੇ ਦੇਸ ਨੂੰ ਉਸ ਤੇ ਮਾਣ ਹੁੰਦਾ ਹੈ। ਸੱਚਾਈ ਦਾ ਦੂਜਾ ਪਾਸਾ ਝੂਠ ਮੰਨਿਆ ਜਾਂਦਾ ਹੈ ਅਤੇ ਜੇਕਰ ਕਿਸੇ ਦਾ ਝੂਠ ਇਕ ਵਾਰ ਫੜਿਆ ਜਾਵੇ ਤਾਂ ਸਮਾਜ ਵਿੱਚ ਉਸ ਦਾ ਅਕਸ ਖਰਾਬ ਹੋਣ ਲੱਗਦਾ ਹੈ। ਜੇਕਰ ਝੂਠ ਕਿਸੇ ਧਾਰਮਿਕ ਪਹਿਰਾਵੇ ਵਾਲੇ ਵਿਅਕਤੀ ਦਾ ਫੜਿਆ ਜਾਵੇ ਤਾਂ ਇਸ ਦੇ ਨਤੀਜੇ ਹੋਰ ਵੀ ਭਿਆਨਕ ਹੋ ਸਕਦੇ ਹਨ। ਧਾਰਮਿਕ ਪਹਿਰਾਵੇ ਵਾਲਾ ਵਿਅਕਤੀ ਸਮੁੱਚੀ ਕੌਮ ਦਾ ਅਕਸ ਵਿਗਾੜ ਦਿੰਦਾ ਹੈ ਅਤੇ ਕਈ ਵਾਰ ਸਮਾਜ ਦੇ ਵਿਭਿੰਨ ਧਰਮਾਂ ਵਿੱਚ ਲੰਮੀ ਖਿੱਚੋਤਾਣ ਵੀ ਪੈਦਾ ਹੋ ਜਾਂਦੀ

ਹੈ। ਝੂਠ ਬੋਲਣ ਵਾਲਾ ਵਿਅਕਤੀ ਜਿਥੇ ਦੂਜੇ ਮਨੁੱਖਾਂ ਨਾਲ ਆਪਣੇ ਸੰਬੰਧ ਵਿਗਾੜ ਲੈਂਦਾ ਹੈ ਉਥੇ ਉਸ ਦੀ ਸਮਾਜ ਦੇ ਦੂਜੇ ਵਿਅਕਤੀਆਂ ਪ੍ਰਤੀ ਬੇਰੁਖੀ ਵੀ ਸਾਹਮਣੇ ਆਉਂਦੀ ਹੈ।

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਇਸ ਜਗਤ ਦੇ ਜੀਵਾਂ ਵਿਚੋਂ ਸ਼੍ਰੋਮਣੀ ਮੰਨਦੇ ਹਨ। ਮਨੁੱਖ ਸ੍ਰਿਸ਼ਟੀ ਦਾ ਸ੍ਰੇਸ਼ਟ ਜੀਵ ਹੈ ਇਸ ਕਰਕੇ ਉਸ ਦਾ ਕਾਰਜ ਵੀ ਦੂਜੇ ਜੀਵਾਂ ਤੋਂ ਸ੍ਰੇਸ਼ਟ ਹੋਣਾ ਚਾਹੀਦਾ ਹੈ। ਸਦਾਚਾਰ ਅਤੇ ਭਾਈਚਾਰੇ ਦੀ ਭਾਵਨਾ ਰਾਹੀਂ ਹੀ ਮਨੁੱਖ ਦੁਨੀਆ ਅਤੇ ਦਰਗਾਹ ਵਿਚ ਸਥਾਨ ਗ੍ਰਹਿਣ ਕਰ ਸਕਦਾ ਹੈ, ਫ਼ੋਕੇ ਵਹਿਮ-ਭਰਮ, ਪਾਖੰਡ, ਤੀਰਥ ਇਸ਼ਨਾਨ ਆਦਿ ਇਸ ਕਾਰਜ ਵਿਚ ਕੋਈ ਯੋਗਦਾਨ ਨਹੀਂ ਪਾ ਸਕਦੇ। ਦੁਨਿਆਵੀ ਤੌਰ 'ਤੇ ਸਮਾਜ ਵਿਚ ਸਥਾਨ ਗ੍ਰਹਿਣ ਕਰ ਚੁੱਕੇ ਅਜਿਹੇ ਕਾਰਜਾਂ ਨੂੰ ਨਵੀਨ ਦਿਸ਼ਾ ਪ੍ਰਦਾਨ ਕਰਨ ਕਰਦੇ ਹੋਏ ਗੁਰੂ ਜੀ ਕਹਿੰਦੇ ਹਨ ਕਿ ਸੱਚ ਦਾ ਵਰਤ, ਸੰਤੋਖ ਦਾ ਤੀਰਥ, ਗਿਆਨ ਅਤੇ ਧਿਆਨ ਦਾ ਇਸਨਾਨ, ਦਇਆ ਨੂੰ ਦੇਵਤਾ ਅਤੇ ਖ਼ਿਮਾ ਨੂੰ ਮਾਲਾ ਦੇ ਰੂਪ ਵਿਚ ਪਰਿਵਰਤਿਤ ਕਰਨ ਵਾਲਾ ਮਨੁੱਖ ਸਮਾਜ ਵਿਚ ਪ੍ਰਮੁੱਖ ਸਥਾਨ ਕਰ ਜਾਂਦਾ ਹੈ:

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥[9]

ਸੱਚਾਈ ਤੋਂ ਦੂਰ ਜਾਣ ਅਤੇ ਝੂਠ ਦਾ ਬੋਲਬਾਲਾ ਹੋ ਜਾਣ ਨਾਲ ਸਮਾਜ ਵਿੱਚ ਊਚਨੀਚ, ਭੇਦਭਾਵ ਅਤੇ ਬਦਅਮਨੀ ਵਾਲਾ ਮਾਹੌਲ ਪੈਦਾ ਹੋ ਜਾਂਦਾ ਹੈ। ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਮਨੁੱਖ ਨੂੰ ਝੂਠ ਤੋਂ ਦੂਰ ਰਹਿ ਕੇ ਸੱਚਾਈ ਦਾ ਸੰਗ ਕਰਦੇ ਹੋਏ ਦੰਭ-ਰਹਿਤ ਜੀਵਨ ਬਸਰ ਕਰਨਾ ਚਾਹੀਦਾ ਹੈ:

ਸੁਨੈ ਨ ਝੂਠ ਨ ਮੁਖ ਤੇ ਕਹੈ। ਸੰਗ ਝੂਠ ਕੇ ਪ੍ਰੀਤਿ ਨ ਗਹੈ।
ਸਤਿਸੰਗੀ ਹੋਇ ਸਾਚ ਕਮਾਵੈ। ਸੰਗ ਸਾਚ ਕੇ ਪ੍ਰੀਤਿ ਵਧਾਵੈ।
ਸਚ ਉਰ ਧਰਹਿ ਮਰਯਾਦਾ ਸਾਚੀ। ਛਲ ਬਿਨ ਹੋਵੈ ਸਾਚਉ ਬਾਚੀ।
ਸਚ ਕੇ ਸੰਗ ਜੀਵਕਾ ਜੋਈ। ਤਿਸ ਕੋ ਕਰੈ ਦੰਭ ਬਿਨ ਹੋਈ।[10]

ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ ਸੀ, ਇਸ ਨੂੰ 'ਜਿੱਤ ਦੀ ਚਿੱਠੀ' ਵੀ ਕਿਹਾ ਜਾਂਦਾ ਹੈ। ਅਨੰਦਪੁਰ ਖ਼ਾਲੀ ਕਰਨ ਉਪਰੰਤ ਗੁਰੂ ਜੀ ਦਾ ਪਰਿਵਾਰ ਵਿਛੋੜਾ ਹੋਇਆ, ਸਾਹਿਬਜ਼ਾਦਿਆਂ ਅਤੇ ਖ਼ਾਲਸੇ ਦੀਆਂ ਸ਼ਹਾਦਤਾਂ ਹੋਈਆਂ, ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਜਾਣਾ ਪਿਆ, ਇਹ ਸਭ ਕੁੱਝ ਹੋ ਜਾਣ ਦੇ ਬਾਵਜੂਦ ਵੀ ਗੁਰੂ ਜੀ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਦੇ ਹੋਏ ਕਹਿੰਦੇ ਹਨ ਕਿ ਸੱਚਾਈ ਤੋਂ ਬਗ਼ੈਰ ਤੈਨੂੰ ਅੱਲਾਹ ਦੀ ਦਰਗਾਹ ਵਿੱਚ ਸ਼ਰਮਿੰਦਾ ਹੋਣਾ ਪਵੇਗਾ ਅਤੇ ਮੈਂ ਤੇਰੇ ਗੁਨਾਹਾਂ ਦੀ ਗਵਾਹੀ ਭਰਾਂਗਾ। ਗੁਰੂ ਜੀ ਸਮਝਦੇ ਹਨ ਕਿ ਪਵਿੱਤਰ ਗ੍ਰੰਥਾਂ ਦੀਆਂ ਝੂਠੀਆਂ ਸੌਂਹਾ ਖਾ ਕੇ ਕਿਸੇ ਤੇ ਕੀਤਾ ਗਿਆ ਹਮਲਾ ਹਮਲਾਵਰ ਦੀ ਹਾਰ ਦਾ ਪ੍ਰਤੀਕ ਹੈ।

**ਵਿਵੇਕ ਬੁੱਧੀ (Wisdom)** - ਕਿਸੇ ਵੀ ਕਾਰਜ ਨੂੰ ਸੁਚਾਰੂ ਰੂਪ ਵਿਚ ਸਿਰੇ ਚਾੜ੍ਹਨ ਲਈ ਸਹੀ ਗਿਆਨ ਦਾ ਹੋਣਾ ਲਾਜ਼ਮੀ ਹੈ। ਸਹੀ ਗਿਆਨ ਮਨੁੱਖ ਨੂੰ ਸਹੀ ਦਿਸ਼ਾ ਵੱਲ ਲੈ ਕੇ ਹੀ ਨਹੀਂ ਜਾਂਦਾ ਬਲਕਿ ਉਸ ਨੂੰ ਭਟਕਣ ਤੋਂ ਵੀ ਬਚਾ ਲੈਂਦਾ ਹੈ। ਸਹੀ ਗਿਆਨ ਕੀਮਤੀ ਸਮਾਂ, ਧਨ ਅਤੇ ਬੇਲੋੜੀ ਤਾਕਤ ਦੀ ਵਰਤੋਂ ਤੋਂ ਬਚਾ ਲੈਂਦਾ ਹੈ। ਸਹੀ ਗਿਆਨ ਕਿਵੇਂ ਪ੍ਰਾਪਤ ਹੋਵੇ? ਇਸ ਦਾ ਜੁਆਬ ਦਿੰਦੇ ਹੋਏ ਕਿਹਾ ਗਿਆ ਹੈ ਕਿ ਵਿਵੇਕ ਬੁੱਧੀ ਮਨੁੱਖ ਨੂੰ ਸਹੀ ਗਿਆਨ ਪ੍ਰਦਾਨ ਕਰਨ ਦਾ ਕਾਰਜ ਕਰਦੀ ਹੈ। ਇਸ ਅਵਸਥਾ ਤਕ ਪਹੁੰਚੇ ਹੋਏ ਮਨੁੱਖ ਦੇ ਮਨ ਵਿਚ ਸੱਚਾਈ ਅਤੇ ਨਿਰਪੱਖਤਾ ਦਾ ਗੁਣ ਵੀ ਪ੍ਰਵੇਸ਼ ਕਰ ਜਾਂਦਾ ਹੈ।

ਵਿਵੇਕ ਬੁੱਧੀ ਅਤੇ ਤਰਕ ਵਿੱਚ ਅੰਤਰ ਹੈ। ਤਰਕ ਵਾਦ-ਵਿਵਾਦ ਵਾਲੇ ਪਾਸੇ ਲੈ ਕੇ ਜਾਂਦਾ ਹੈ ਅਤੇ ਵਿਵੇਕ ਬੁੱਧੀ ਮਨੁੱਖ ਨੂੰ ਵਿਚਾਰਸ਼ੀਲ ਬਣਾਉਂਦੀ ਹੈ। ਵਿਵੇਕ ਬੁੱਧੀ ਮਨੁੱਖ ਨੂੰ ਸਹੀ ਅਤੇ ਗਲਤ ਦੀ ਪਛਾਣ ਸਮੇਂ ਸਹੀ ਸੋਝੀ ਪ੍ਰਦਾਨ ਕਰਦੀ ਹੈ। ਸਹੀ ਸੋਝੀ ਪ੍ਰਾਪਤ ਕਰਨ ਦਾ ਸੰਬੰਧ ਕਿਸੇ ਸਮੇਂ ਤੇ ਸਥਾਨ ਨਾਲ ਨਹੀਂ ਹੈ ਬਲਕਿ ਇਹ ਮਨੁੱਖੀ ਅਨੁਭਵ ਅਤੇ ਦੂਰ-ਦ੍ਰਿਸ਼ਟੀ ਦੁਆਰਾ ਹਾਸਲ ਹੋ ਸਕਦੀ ਹੈ। ਸਹੀ ਸੋਝੀ ਦਾ ਭਾਵ ਕੇਵਲ ਬੌਧਿਕ ਗਿਆਨ ਪ੍ਰਾਪਤ ਕਰਨਾ ਨਹੀਂ ਬਲਕਿ ਸੱਚਾ ਗਿਆਨ ਪ੍ਰਾਪਤ ਕਰਨਾ ਹੈ ਕਿਉਂਕਿ ਬੌਧਿਕ ਗਿਆਨ ਸੀਮਾਵਾਂ ਵਿਚ ਬੱਝਿਆ ਹੋਇਆ ਹੈ ਅਤੇ ਸੱਚਾ ਗਿਆਨ ਅਸੀਮ ਹੈ। ਗੁਰਬਾਣੀ ਦੱਸਦੀ ਹੈ ਕਿ ਸਹੀ ਸੋਝੀ ਸਤਿਗੁਰੂ ਦੁਆਰਾ ਪ੍ਰਾਪਤ ਹੁੰਦੀ ਹੈ ਜਿਵੇਂ ਕਿ ਗੁਰੂ ਅਮਰਦਾਸ ਜੀ ਦੱਸਦੇ ਹਨ:

ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥
ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥[11]

ਗੁਰੂ ਜੀ ਸਦਗੁਣ ਭਰਪੂਰ ਸੋਝੀ ਨੂੰ ਸਰਬ-ਵਿਆਪਕ ਮੰਨਦੇ ਹਨ। ਕਿਸੇ ਵਿਸ਼ੇਸ਼ ਅਸਥਾਨ ਤੇ ਜਾ ਕੇ ਹੀ ਕੇਵਲ ਸੋਝੀ ਪ੍ਰਾਪਤ ਹੋ ਸਕਦੀ ਹੈ, ਗੁਰੂ ਜੀ ਇਸ ਗੱਲ ਵਿਚ ਵਿਸ਼ਵਾਸ ਨਹੀਂ ਰੱਖਦੇ। ਕੋਈ ਵਿਸ਼ੇਸ਼ ਅਸਥਾਨ ਸਹੀ ਸੂਝ ਪੈਦਾ ਕਰਨ ਦੀ ਪ੍ਰੇਰਨਾ ਤਾਂ ਪੈਦਾ ਕਰ ਸਕਦਾ ਹੈ ਪਰ ਮਨੁੱਖੀ ਯਤਨਾਂ ਤੋਂ ਬਗ਼ੈਰ ਇਹ ਕਾਰਜ ਅਧੂਰਾ ਹੀ ਰਹਿੰਦਾ ਹੈ। ਏਸੇ ਕਰਕੇ ਕਈ ਵਾਰ ਧਰਮ ਅਸਥਾਨਾਂ ‘ਤੇ ਬੈਠੇ ਧਰਮ ਦਾ ਪ੍ਰਗਟਾਵਾ ਕਰ ਰਹੇ ਮਨੁੱਖ ਵੀ ਨਕਾਰਾਤਮਿਕ ਕਾਰਜਾਂ ਵਿਚ ਰੁਚਿਤ ਦੇਖੇ ਜਾ ਸਕਦੇ ਹਨ। ਜਦੋਂ ਕੋਈ ਮਨੁੱਖ ਯਤਨ ਕਰਕੇ ਆਪਣੇ ਮਨ ਨੂੰ ਕਾਬੂ ਵਿਚ ਕਰ ਲੈਂਦਾ ਹੈ ਤਾਂ ਉਸ ਦੇ ਸਮੂਹ ਕਾਰਜਾਂ ਵਿਚੋਂ ਲੋਕ-ਭਲਾਈ ਦੀ ਭਾਵਨਾ ਦਾ ਪ੍ਰਗਟਾਵਾ ਹੁੰਦਾ ਹੈ। ਮਨ ਵਿਚ ਪੈਦਾ ਹੋਈ ਇਹ ਭਾਵਨਾ ਹੀ ਸਦਗੁਣਾਂ ਨੂੰ ਜਨਮ ਦਿੰਦੀ ਹੈ। ਗੁਰਬਾਣੀ ਦੱਸਦੀ ਹੈ ਕਿ ਸਹੀ ਭਾਵਨਾ ਅਤੇ ਸੋਝੀ ਸਤਿਗੁਰੂ ਰਾਹੀਂ ਗ੍ਰਹਿਣ ਹੁੰਦੀ ਹੈ ਅਤੇ ਜਿਹੜਾ ਸਿੱਖ ਗੁਰੂ ਦੇ ਸੰਦੇਸ਼ ਦੀ ਭਾਵਨਾ ਨਾਲ ਅਭੇਦ ਹੋ ਜਾਂਦਾ ਹੈ, ਉਸ ਦਾ ਮਨ ਹੀ ਕਾਸੀ ਹੋ ਜਾਂਦਾ ਹੈ:

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ॥
ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥[12]

ਸਦਗੁਣ ਮਨੁੱਖੀ ਜੀਵਨਜਾਚ ਦਾ ਅੰਗ ਅਤੇ ਆਦਰਸ਼ ਹਨ। ਹਰ ਇਕ ਵਿਦਵਾਨ ਅਤੇ ਸੂਝਵਾਨ ਸਦਗੁਣ ਗ੍ਰਹਿਣ ਕਰਨ ਅਤੇ ਉਨ੍ਹਾਂ ਅਨੁਸਾਰ ਜੀਵਨ ਬਸਰ ਕਰਨ ‘ਤੇ ਜ਼ੋਰ ਦਿੰਦਾ ਹੈ। ਵਿਦਵਾਨ ਅਤੇ ਸੂਝਵਾਨ ਦੋਵੇਂ ਹੀ ਬੌਧਿਕਤਾ ਦਾ ਪ੍ਰਗਟਾਵਾ ਕਰਦੇ ਹਨ, ਦੋਵਾਂ ਵਿਚ ਫ਼ਰਕ ਕੀ ਹੈ? ਬੁੱਧੀ ਦੁਆਰਾ ਪ੍ਰਾਪਤ ਕੀਤਾ ਗਿਆਨ ਮਨੁੱਖ ਨੂੰ ਵਿਦਵਾਨ ਬਣਾਉਂਦਾ ਹੈ ਜਿਸ ਨਾਲ ਉਸ ਦੀ ਤਰਕਸ਼ੀਲਤਾ ਵਿਚ ਵਾਧਾ ਹੁੰਦਾ ਹੈ। ਦੂਜੇ ਪਾਸੇ, ਵਿਵੇਕ ਬੁੱਧੀ ਮਨੁੱਖ ਦੇ ਮਨ ਵਿਚ ਆਤਮ-ਚਿੰਤਨ ਅਤੇ ਆਤਮ-ਅਨੁਭਵ ਦੀ ਭਾਵਨਾ ਪੈਦਾ ਕਰਕੇ ਉਸ ਨੂੰ ਸੂਝਵਾਨ ਬਣਾਉਂਦੀ ਹੈ ਜਿਸ ਨਾਲ ਮਨ ਵਿਚ ਸੱਚਾਈ ਅਤੇ ਸਹਿਨਸ਼ੀਲਤਾ ਦੀ ਭਾਵਨਾ ਪੈਦਾ ਹੁੰਦੀ ਹੈ ਜਿਵੇਂ ਕਿ ਬਾਬਾ ਫ਼ਰੀਦ ਜੀ ਕਹਿੰਦੇ ਹਨ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥[13]

ਸੂਝਵਾਨ ਪੁਰਖ ਵਿਵੇਕ ਬੁੱਧੀ ਅਨੁਸਾਰ ਜੀਵਨ ਬਸਰ ਕਰਨ ‘ਤੇ ਜ਼ੋਰ ਦਿੰਦਾ ਹੈ। ਉਹ ਦਿਖਾਈ ਦੇ ਰਹੀਆਂ ਵਸਤਾਂ ਅਤੇ ਹਸਤੀਆਂ ਦੀ ਵਿਆਖਿਆ ਹੀ ਨਹੀਂ ਕਰਦਾ ਬਲਕਿ ਉਹਨਾਂ ਨਾਲ ਜੁੜਨ ਅਤੇ ਉਹਨਾਂ ਨੂੰ ਜੀਵਨ ਵਿਚ ਧਾਰਨ ਕਰਨ ਦੀ ਪ੍ਰੇਰਨਾ ਵੀ ਪੈਦਾ ਕਰਦਾ ਹੈ। ਉਹ ਪਦਾਰਥਕ ਵਸਤਾਂ ਦੀ ਦੌੜ ਵਿਚ ਸ਼ਾਮਲ ਨਹੀਂ ਹੁੰਦਾ ਬਲਕਿ ਘੱਟ ਤੋਂ ਘੱਟ ਅਤੇ ਲੋੜੀਂਦੀਆਂ ਵਸਤਾਂ ਨਾਲ ਹੀ ਗੁਜ਼ਾਰਾ ਕਰਨ ਵਿਚ ਵਿਸ਼ਵਾਸ ਰੱਖਦਾ ਹੈ। ਉਹ ਬੌਧਿਕਤਾ ਦੇ ਵਿਕਾਸ ਨੂੰ

ਪਦਰਾਥਕ ਵਸਤਾਂ ਦੀ ਵਿਆਖਿਆ ਨਾਲ ਜੋੜਨ ਦੀ ਬਜਾਏ ਅਧਿਆਤਮਿਕਤਾ ਦੇ ਵਿਕਾਸ ਨਾਲ ਜੋੜ ਕੇ ਪੇਸ਼ ਕਰਨ ਦਾ ਕਾਰਜ ਕਰਦਾ ਹੈ। ਸਹੀ ਸੋਝੀ ਮਨੁੱਖ ਨੂੰ ਸੱਚਾਈ ਨਾਲ ਜੋੜਦੀ ਹੈ ਅਤੇ ਸੱਚ ਨਾਲ ਜੁੜਿਆ ਹੋਇਆ ਮਨੁੱਖ ਹੀ ਸਦਾਚਾਰੀ ਹੁੰਦਾ ਹੈ।

**ਸਾਹਸ (Courage) –** ਸਾਹਸ ਦਾ ਜੀਵਨ ਵਿਚ ਮਹੱਤਵਪੂਰਨ ਯੋਗਦਾਨ ਹੈ। ਇਹ ਮਨੁੱਖ ਨੂੰ ਸਮਾਜਿਕ, ਧਾਰਮਿਕ, ਵਿਦਿਅਕ ਅਤੇ ਰਾਜਨੀਤਿਕ ਕਾਰਜ ਕਰਨ ਸਮੇਂ ਦ੍ਰਿੜਤਾ ਅਤੇ ਨਿਸ਼ਠਾ ਪ੍ਰਦਾਨ ਕਰਦਾ ਹੈ। ਸਾਹਸ ਨੂੰ ਸਕਾਰਾਤਮਿਕ ਗੁਣ ਮੰਨਿਆ ਗਿਆ ਹੈ ਜਿਹੜਾ ਕਿ ਮਨੁੱਖ ਨੂੰ ਡਰ ਵਿਚੋਂ ਨਿਕਲਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ। ਡਰ ਦੀ ਇਕ ਸੀਮਾ ਹੈ। ਜਦੋਂ ਮਨੁੱਖ ਉਸ ਸੀਮਾ ਵਿਚੋਂ ਬਾਹਰ ਨਿਕਲ ਆਉਂਦਾ ਹੈ, ਉਸ ਦੇ ਮਨ ਵਿਚ ਸਾਹਸ ਪੈਦਾ ਹੋਣਾ ਅਰੰਭ ਹੋ ਜਾਂਦਾ ਹੈ। ਏਸੇ ਕਰਕੇ ਕਈ ਵਾਰੀ ਦੇਖਣ ਵਿਚ ਆਉਂਦਾ ਹੈ ਕਿ ਜਿਹੜਾ ਮਨੁੱਖ ਡਰ ਅਤੇ ਸਹਿਮ ਦੇ ਮਾਹੌਲ ਵਿਚ ਜੀਵਨ ਬਸਰ ਕਰ ਰਿਹਾ ਹੁੰਦਾ ਹੈ, ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਉਹ ਡਰ ਵਿਚ ਜਿਊਂਣ ਦੀ ਬਜਾਏ ਮੌਤ ਨੂੰ ਗਲੇ ਲਾਉਣਾ ਵਧੇਰੇ ਪਸੰਦ ਕਰਦਾ ਹੈ। ਇਹ ਅਜਿਹਾ ਸਮਾਂ ਹੁੰਦਾ ਹੈ ਜਦੋਂ ਉਹ ਡਰ ਦੇ ਮਾਹੌਲ ਵਿਚੋਂ ਪੂਰਾ ਤਾਣ ਲਾ ਕੇ ਬਾਹਰ ਨਿਕਲਣ ਦਾ ਯਤਨ ਕਰਦਾ ਹੈ। ਉਸ ਦੁਆਰਾ ਕੀਤਾ ਗਿਆ ਅਜਿਹਾ ਯਤਨ ਉਸ ਦੀ ਅਣਖ ਅਤੇ ਸਵੈਮਾਨ ਨੂੰ ਕਾਇਮ ਰੱਖਣ ਦਾ ਕਾਰਨ ਬਣਦਾ ਹੈ। ਉਸ ਨੂੰ ਡਰਾਉਣ ਵਾਲੇ ਜਾਂ ਉਸ ਨੂੰ ਦਬਾ ਕੇ ਰੱਖਣ ਵਾਲੇ ਉਸ ਦੇ ਸਾਹਸ ਦਾ ਸਾਹਮਣਾ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ।

ਮਨੁੱਖ ਹਰ ਵੇਲੇ ਸੰਘਰਸ਼ ਕਰਦਾ ਰਹਿੰਦਾ ਹੈ। ਕਈ ਵਾਰੀ ਉਹ ਬਾਹਰੀ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਜ਼ੋਰ ਲਾਉਂਦਾ ਹੈ ਅਤੇ ਕਈ ਵਾਰੀ ਉਸ ਦਾ ਆਪਣੇ ਮਨ ਨਾਲ ਸੰਘਰਸ਼ ਚੱਲਦਾ ਹੈ। ਜਿਸ ਤਰ੍ਹਾਂ ਦਾ ਸੰਘਰਸ਼ ਉਸ ਦੇ ਮਨ ਵਿਚ ਚੱਲਦਾ ਹੈ, ਬਾਹਰੀ ਤੌਰ 'ਤੇ ਵੀ ਉਸੇ ਤਰ੍ਹਾਂ ਦਾ ਪ੍ਰਗਟਾਵਾ ਸਾਹਮਣੇ ਆਉਂਦਾ ਹੈ। ਮਨ ਦੇ ਪ੍ਰਭਾਵ ਕਾਰਨ ਹੀ ਸਰੀਰ ਕਿਰਿਆ ਕਰਦਾ ਹੈ, ਇਸ ਕਰਕੇ ਮਨ ਵਿੱਚ ਜਿਤਨੀ ਦ੍ਰਿੜਤਾ ਹੋਵੇਗੀ ਸਰੀਰ ਵੀ ਉਤਨੀ ਦ੍ਰਿੜਤਾ ਨਾਲ ਹੀ ਕਾਰਜ ਕਰੇਗਾ। ਵਿਕਾਰ ਮਨ ਦੇ ਦੁਸ਼ਮਣ ਹਨ ਜਿਹੜੇ ਸਰੀਰ ਨੂੰ ਆਪਣੇ ਅਨੁਸਾਰ ਕਾਰਜ ਕਰਨ ਵੱਲ ਪ੍ਰੇਰਿਤ ਕਰਦੇ ਹਨ। ਵਿਚਾਰ ਸਦਾਚਾਰ ਨੂੰ ਜਨਮ ਦਿੰਦਾ ਹੈ ਜਿਹੜਾ ਕਿ ਮਨ ਨੂੰ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਕਰਦਾ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ॥
ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ॥[14]

ਮਨ ਵਿਚ ਪੈਦਾ ਹੋਈ ਸਦਾਚਾਰ ਦੀ ਭਾਵਨਾ ਮਨੁੱਖ ਦੇ ਮਨ ਵਿਚ ਸੱਚਾਈ ਅਤੇ ਕੋਮਲਤਾ ਦੀ ਭਾਵਨਾ ਪੈਦਾ ਕਰਦੀ ਹੈ ਜਿਹੜੀ ਕਿ ਉਸ ਨੂੰ ਬਾਹਰੀ ਤੌਰ 'ਤੇ ਦਿਖਾਈ ਦੇ ਰਹੇ ਵਿਕਾਰਾਂ ਪ੍ਰਤੀ ਵੀ ਸੁਚੇਤ ਕਰਦੀ ਹੈ। ਜਿਸ ਮਨੁੱਖ ਦੇ ਮਨ ਵਿਚ ਸਦਾਚਾਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ ਉਹ ਨਾ ਤਾਂ ਆਪ ਦੁਰਾਚਾਰ ਕਰਦਾ ਹੈ ਅਤੇ ਨਾ ਹੀ ਕਿਸੇ ਹੋਰ ਨੂੰ ਅਜਿਹਾ ਕੰਮ ਕਰਨ ਦੀ ਆਗਿਆ ਦਿੰਦਾ ਹੈ। ਜਿੰਨਾ ਸੰਘਰਸ਼ ਉਸ ਦਾ ਆਪਣੇ ਆਪ ਨਾਲ ਹੁੰਦਾ ਹੈ, ਬਾਹਰੀ ਤੌਰ 'ਤੇ ਵੀ ਉਸ ਨੂੰ ਉਤਨਾ ਹੀ ਸੰਘਰਸ਼ ਕਰਨਾ ਪੈਂਦਾ ਹੈ। ਭਾਰਤ ਦੇ ਬਹੁਤ ਸਾਰੇ ਮਹਾਂਪੁਰਸ਼ਾਂ ਦਾ ਜੀਵਨ ਅਜਿਹੀਆਂ ਮਿਸਾਲਾਂ ਨਾਲ ਭਰਿਆ ਹੋਇਆ ਹੈ ਜਿੰਨਾ ਨੇ ਮਨ ਵਿਚ ਪੈਦਾ ਹੋਈ ਸੱਚਾਈ ਅਤੇ ਸਦਾਚਾਰ ਦੀ ਭਾਵਨਾ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਨਿਰੰਤਰ ਯਤਨ ਕੀਤੇ ਅਤੇ ਅਨੇਕਾਂ ਦੁੱਖ-ਤਕਲੀਫ਼ਾਂ ਦਾ ਸਾਹਮਣਾ ਕੀਤਾ ਪਰ ਉਹ ਆਪਣੇ ਜੀਵਨ ਉਦੇਸ਼ ਤੋਂ ਕਦੇ ਵੀ ਪਿੱਛੇ ਨਹੀਂ ਹਟੇ। ਮਹਾਂਵੀਰ, ਮਹਾਤਮਾ ਬੁੱਧ, ਮੁਹੰਮਦ ਸਾਹਿਬ, ਯਿਸੂ ਮਸੀਹ, ਗੁਰੂ ਨਾਨਕ ਆਦਿ ਮਹਾਂਪੁਰਖਾਂ ਨੂੰ

ਇਸ ਸ਼੍ਰੇਣੀ ਵਿਚ ਰੱਖ ਕੇ ਦੇਖਿਆ ਜਾ ਸਕਦਾ ਹੈ। ਯਿਸੂ ਮਸੀਹ ਨੂੰ ਸਲੀਬ ਦਾ ਸਾਹਮਣਾ ਕਰਨਾ ਪਿਆ; ਮੁਹੰਮਦ ਸਾਹਿਬ ਨੂੰ ਆਪਣੇ ਕਬੀਲੇ ਵਾਲਿਆਂ ਨਾਲ ਹੀ ਯੁੱਧ ਕਰਨਾ ਪਿਆ; ਭਗਤ ਕਬੀਰ ਜੀ ਨੂੰ ਤਿੰਨ ਵਾਰੀ ਮਾਰਨ ਦਾ ਯਤਨ ਕੀਤਾ ਗਿਆ; ਸਿੱਖਾਂ ਦੇ ਨੌਂਵੇਂ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰਾ ਜੀਵਨ ਜੰਗ-ਯੁੱਧ ਕਰਨ ਲਈ ਮਜਬੂਰ ਹੋਣਾ ਪਿਆ ਜਿਸ ਵਿਚ ਉਹਨਾਂ ਦੇ ਪਰਿਵਾਰ ਦੇ ਬਹੁਤ ਸਾਰੇ ਜੀਅ ਅਤੇ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕਬੀਰ ਜੀ ਸੱਚਾਈ ਅਤੇ ਸਦਾਚਾਰ ਦੇ ਮਾਰਗ 'ਤੇ ਚੱਲਣ ਨੂੰ ਜੀਵਨ ਦੀ ਚਿੰਤਾ ਨਾ ਕਰਨ ਦਾ ਸੰਦੇਸ਼ ਦਿੰਦੇ ਹਨ। ਉਹਨਾਂ ਦੀ ਨਜ਼ਰ ਵਿਚ ਸੂਰਮਾ ਜਾਂ ਸੂਰਬੀਰ ਉਹ ਹੈ ਜਿਹੜਾ ਇਸ ਮਾਰਗ 'ਤੇ ਚੱਲਦੇ ਹੋਏ ਆਪਣੀ ਕੁਰਬਾਨੀ ਕਰਨ ਲਈ ਤਿਆਰ ਰਹੇ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[15]

ਸਾਹਸ ਦਾ ਗੁਣ ਗ੍ਰਹਿਣ ਕਰਨ ਦਾ ਭਾਵ ਹੈ ਕਿ ਮਨੁੱਖ ਤਾਕਤ ਦੇ ਹੁੰਦੇ ਹੋਏ ਵੀ ਆਮ ਲੋਕਾਂ ਦੀ ਭਲਾਈ ਲਈ ਕਾਰਜ ਕਰੇ ਅਤੇ ਕਿਸੇ 'ਤੇ ਅਨਿਆਂ ਨਾ ਕਰੇ। ਹਰ ਮਨੁੱਖ ਦੇ ਮਨ ਵਿਚ ਸ਼ੇਰ ਦਾ ਗੁਣ ਮੰਨਿਆ ਜਾਂਦਾ ਹੈ, ਪਰ ਇਹ ਗੁਣ ਬਹੁਤ ਘੱਟ ਲੋਕਾਂ ਵਿਚ ਪ੍ਰਗਟ ਹੁੰਦਾ ਹੈ। ਜਿਹੜੇ ਲੋਕਾਂ ਵਿਚ ਇਹ ਗੁਣ ਪ੍ਰਗਟ ਹੁੰਦਾ ਹੈ ਕਈ ਵਾਰ ਉਹ ਲੋਕ ਇਸ ਦੀ ਦੁਰਵਰਤੋਂ ਵੀ ਕਰਦੇ ਹਨ। ਇਸ ਕਰਕੇ ਸ਼ੇਰ ਰੂਪੀ ਸਾਹਸ ਦੇ ਗੁਣ ਦੇ ਨਾਲ-ਨਾਲ ਮਨੁੱਖ ਦੇ ਮਨ ਵਿਚ ਸਦਗੁਣ ਵੀ ਮੌਜੂਦ ਹੋਣੇ ਚਾਹੀਦੇ ਹਨ ਤਾਂ ਕਿ ਲੋੜ ਪੈਣ 'ਤੇ ਕਿਸੇ ਨਾਲ ਅਨਿਆਂ ਨਾ ਹੋਵੇ। ਗੁਰਬਾਣੀ ਸਾਹਸ ਅਤੇ ਸ਼ਬਦ ਦੇ ਸੁਮੇਲ 'ਤੇ ਜ਼ੋਰ ਦਿੰਦੀ ਹੈ ਕਿਉਂਕਿ ਜੇਕਰ ਸਾਹਸ ਸ਼ਬਦ ਨਾਲ ਜੁੜਿਆ ਰਹੇਗਾ ਤਾਂ ਸਾਰਥਿਕ ਅਤੇ ਸਮਾਜ ਭਲਾਈ ਦੇ ਕਾਰਜ ਸਾਹਮਣੇ ਆਉਂਦੇ ਹਨ। ਪਰ ਜੇਕਰ ਸਾਹਸ ਅਤੇ ਸ਼ਬਦ ਅਲੱਗ ਹੋ ਜਾਣ ਤਾਂ ਨਤੀਜੇ ਉਲਟ ਸਕਦੇ ਹਨ। ਆਡਿਤ ਸੋਇਨੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਇਕ ਸ਼ਰਧਾਲੂ ਸਿੱਖ ਸੀ। ਸਿੱਖਾਂ ਦੀ ਭਗਤਮਾਲਾ ਵਿਚ ਦੱਸਿਆ ਗਿਆ ਹੈ ਕਿ ਇਕ ਵਾਰ ਉਹ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਤੇ ਪ੍ਰਸ਼ਨ ਕੀਤਾ ਕਿ, 'ਅਸੀ ਸਸਤ੍ਰ ਬੰਧਦੇ ਹਾਂ ਤੇ ਜੁਧ ਕਰਦੇ ਹਾਂ, ਅਸਾਡਾ ਉਧਾਰ ਕਿਉਂ ਕਰ ਹੋਵੇਗਾ। ਤਾ ਬਚਨ ਹੋਇਆ ਤੁਸਾ ਜੁਧ ਦੇ ਸਮੇਂ ਧਿਆਨ ਮਹਾਰਾਜ ਦਾ ਕਰਨਾ ਤੇ ਧਰਮ ਦਾ ਜੁਧ ਕਰਨਾ। ਜੋ ਗਰੀਬਾ ਨੂੰ ਰੰਞਾਵਣੇ ਉਸ ਨਾਲ ਜੁਧ ਕਰਨਾ, ਜਿਸ ਦਾ ਲੂਣ ਖਾਵਣਾ ਉਸ ਨੂੰ ਪਰਮੇਸਰ ਰੂਪ ਕਰ ਜਾਣਨਾ। ਤੁਸਾਡੀ ਬਿਜੈ ਭੀ ਹੋਵੈਗੀ ਤੇ ਮੁਖ ਭੀ ਉਜਲ ਹੋਵੈਗਾ।' ਭਾਈ ਸੰਤੋਖ ਸਿੰਘ ਇਸ ਪ੍ਰਸੰਗ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ:

ਸੰਕਟਿ ਦੇਹਿ ਗਰੀਬਨਨਿ ਜੋਇ।
ਤਿੰਹ ਸੋ ਲਰਹੁ ਧਰਮ ਬਹੁ ਹੋਇ।
ਜਿਸ ਕੋ ਲੂਣ ਖਾਇ, ਤਿਸ ਹੇਤੁ।
ਪੀਠ ਨ ਦੀਜਹਿ ਜਬਿ ਰਣ ਖੇਤ।[16]

ਪੱਛਮੀ ਵਿਦਵਾਨਾਂ ਨੇ ਸਾਹਸ ਦੇ ਜਿਹੜੇ ਗੁਣ ਦੀ ਜਿਹੜੀ ਕਲਪਨਾ ਕੀਤੀ ਸੀ ਉਹ ਸਮੁੱਚੀ ਮਾਨਵਤਾ ਦੇ ਜੀਵਨ ਦਾ ਆਧਾਰ ਸੀ। ਉਹ ਜਾਣਦੇ ਸਨ ਕਿ ਸਾਹਸ ਤੋਂ ਬਗ਼ੈਰ ਕੋਈ ਵੀ ਸ਼ੁਭ ਕਾਰਜ ਸੰਪੂਰਨ ਨਹੀਂ ਹੋ ਸਕਦਾ। ਭਾਰਤੀ ਦਰਸ਼ਨ ਧਾਰਾ ਵਿਚ ਇਸ ਸਦਗੁਣ ਦਾ ਪ੍ਰਗਟਾਵਾ ਅਨੇਖ ਥਾਂਈ ਦੇਖਣ ਨੂੰ ਮਿਲਦਾ ਹੈ। ਗੁਰੂ ਸਾਹਿਬਾਨ ਨੇ

ਅੰਤਰੀਵੀ ਅਤੇ ਬਾਹਰੀ ਵਿਕਾਰਾਂ ਨਾਲ ਸੰਘਰਸ਼ ਕਰਨ ਦਾ ਜਿਹੜਾ ਆਦੇਸ਼ ਅਤੇ ਸੰਦੇਸ਼ ਦਿੱਤਾ ਸੀ, ਉਸ ਨੇ ਇਥੋਂ ਦੇ ਲੋਕ ਦੀ ਜੀਵਨਜਾਚ ਵਿਚ ਵਿਲੱਖਣ ਪਰਿਵਰਤਨ ਲਿਆਂਦਾ ਹੈ। ਗੁਰੂ ਸਾਹਿਬਾਨ ਦੁਆਰਾ ਪੈਦਾ ਕੀਤੇ ਸਾਹਸ ਦੇ ਗੁਣ ਨੇ ਲੋਕਾਂ ਨੂੰ ਮਾਨਸਿਕ ਅਤੇ ਸਰੀਰਕ ਆਜ਼ਾਦੀ ਪ੍ਰਦਾਨ ਕਰਨ ਦਾ ਕਾਰਜ ਕੀਤਾ ਹੈ।

**ਸੰਜਮ (Temperance)** – ਸੰਜਮ ਦਾ ਭਾਵ ਹੈ ਨਿਯਮ। ਜਿਸ ਤਰ੍ਹਾਂ ਦਾ ਨਿਯਮ ਅਸੀਂ ਧਾਰਨ ਕਰਦੇ ਹਾਂ ਸਾਡਾ ਜੀਵਨ ਵੀ ਉਸੇ ਤਰ੍ਹਾਂ ਦਾ ਹੀ ਬਣ ਜਾਂਦਾ ਹੈ। ਜੀਵਨ ਵਿਚ ਅਕਸਰ ਅਜਿਹੇ ਨਿਯਮ ਧਾਰਨ ਕਰ ਲਏ ਜਾਂਦੇ ਹਨ ਜਿਹੜੇ ਮਨੁੱਖ ਨੂੰ ਮੁਕਤ ਕਰਨ ਦੀ ਥਾਂ ਬੰਧਨ ਵਿਚ ਪਾ ਦਿੰਦੇ ਹਨ। ਧਰਮ ਦੇ ਖ਼ੇਤਰ ਵਿਚ ਅਜਿਹੇ ਨਿਯਮਾਂ ਦਾ ਵਰਨਨ ਅਕਸਰ ਦੇਖਣ ਨੂੰ ਮਿਲਦਾ ਹੈ ਜਿਹੜੇ ਮਨੁੱਖ ਨੂੰ ਸੰਜਮ ਅਤੇ ਸਹਿਜ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹਨ। ਬੁੱਧ ਧਰਮ ਵਿਚ ਪਹਿਲਾਂ ਦੁੱਖਾਂ ਦਾ ਵਰਨਨ ਕਰਦੇ ਹੋਏ ਕਿਹਾ ਗਿਆ ਹੈ:

1. ਸੰਸਾਰ ਦੁੱਖਾਂ ਦਾ ਘਰ ਹੈ।
2. ਦੁੱਖਾਂ ਦੇ ਕਾਰਨ ਹਨ।
3. ਦੁੱਖ ਦੂਰ ਕੀਤੇ ਜਾ ਸਕਦੇ ਹਨ।
4. ਦੁੱਖ ਦੂਰ ਕਰਨ ਦਾ ਇਕ ਮਾਰਗ ਹੈ ਜਿਸ ਨੂੰ ਅਸ਼ਟਾਂਗ ਮਾਰਗ ਕਿਹਾ ਜਾਂਦਾ ਹੈ।

ਬੁੱਧ ਧਰਮ ਦੇ ਅਸ਼ਟਾਂਗ ਮਾਰਗ ਵਿਚ ਅੱਠ ਪ੍ਰਕਾਰ ਦੇ ਸਦਗੁਣਾਂ ਦਾ ਵਰਨਨ ਕੀਤਾ ਗਿਆ ਹੈ – ਸਹੀ ਦ੍ਰਿਸ਼ਟੀ, ਸਹੀ ਸੰਕਲਪ, ਸਹੀ ਬਾਣੀ, ਸਹੀ ਕਰਮ, ਸਹੀ ਆਜੀਵਿਕਾ, ਸਹੀ ਯਤਨ, ਸਹੀ ਸਿਮਰਤੀ ਅਤੇ ਸਹੀ ਸਮਾਧੀ। ਇਨਾਂ ਅੱਠ ਸਦਗੁਣਾਂ ਨੂੰ ਮੱਧ ਮਾਰਗ ਦਾ ਨਾਂ ਦਿੱਤਾ ਗਿਆ ਹੈ ਜਿਹੜੇ ਕਿ ਮਨੁੱਖ ਨੂੰ ਸੰਜਮ ਵਿਚ ਰਹਿਣ ਦੀ ਪ੍ਰੇਰਨਾ ਕਰਦੇ ਹਨ। ਮਨੁੱਖ ਕਿਸੇ ਵੀ ਮਾਰਗ ਨੂੰ ਧਾਰਨ ਕਰਦੇ ਸਮੇਂ ਉਲਾਰਵਾਦੀ ਬਿਰਤੀ ਦਾ ਧਾਰਨੀ ਨਾ ਹੋ ਜਾਵੇ ਇਸ ਕਰ ਕੇ ਹਰ ਕਾਰਜ ਸਹੀ ਸੋਚ ਅਤੇ ਸਹੀ ਦਿਸ਼ਾ ਵਿਚ ਕਰਨ ਲਈ ਕਿਹਾ ਗਿਆ ਹੈ। ਹਿੰਦੂ ਧਰਮ ਦਾ ਇਕ ਪ੍ਰਸਿੱਧ ਧਰਮ ਗ੍ਰੰਥ ਭਾਗਵਦ ਗੀਤਾ ਨੂੰ ਮੰਨਿਆ ਜਾਂਦਾ ਹੈ। ਇਸ ਗ੍ਰੰਥ ਦੀ ਵਿਆਖਿਆ ਕਰਨ ਵਾਲੇ ਅਕਸਰ ਇਸ ਗ੍ਰੰਥ ਵਿਚ ਆਏ ਕਰਮ ਦੇ ਸਿਧਾਂਤ ਦੀ ਵਿਆਖਿਆ ਵਿਸਤਾਰ ਰੂਪ ਵਿਚ ਕਰਦੇ ਹਨ। ਇਥੇ ਇਹ ਦੇਖਣ ਦੀ ਲੋੜ ਹੈ ਕਿ ਜੇਕਰ ਸਹੀ ਗਿਆਨ ਨਾ ਹੋਵੇ ਤਾਂ ਕਰਮ ਕਿਵੇਂ ਸਹੀ ਦਿਸ਼ਾ ਵਿਚ ਹੋ ਸਕਦਾ ਹੈ। ਗੀਤਾ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਮਨੁੱਖ ਨੇ ਪਰਮਾਤਮਾ ਨਾਲ ਜੁੜਨਾ ਹੈ ਅਤੇ ਇਸ ਯੋਗ ਨੂੰ ਸੁਚਾਰੂ ਰੂਪ ਵਿਚ ਸਿਰੇ ਚਾੜ੍ਹਨ ਲਈ ਗਿਆਨ, ਭਗਤੀ ਅਤੇ ਕਰਮ ਦੀ ਲੋੜ ਪੈਂਦੀ ਹੈ। ਇਹ ਤਿੰਨੇ ਮਿਲ ਕੇ ਹੀ ਮਨੁੱਖ ਦੀ ਸਹੀ ਦਿਸ਼ਾ ਨਿਰਧਾਰਿਤ ਕਰਦੇ ਹਨ। ਗਿਆਨ ਮਨੁੱਖ ਨੂੰ ਸਹੀ ਸੋਝੀ ਪ੍ਰਦਾਨ ਕਰਦਾ ਹੈ, ਭਗਤੀ ਮਾਨਸਿਕ ਦ੍ਰਿੜਤਾ ਅਤੇ ਅਤੇ ਕਰਮ ਸਹੀ ਉਦਮ ਕਰਨ ਵੱਲ ਕੇਂਦਰਿਤ ਕਰਦਾ ਹੈ। ਯੋਗ ਦਾ ਕੋਈ ਇਕ ਰੂਪ ਪ੍ਰਭੂ ਦੇ ਮਾਰਗ 'ਤੇ ਲਿਜਾਣ ਲਈ ਕਾਫ਼ੀ ਨਹੀਂ ਹੈ। ਉਕਤ ਤਿੰਨੇ ਰੂਪ ਮਿਲ ਕੇ ਕਾਰਜ ਕਰਨ ਤਾਂ ਹੀ ਸਹੀ ਦਿਸ਼ਾ ਨਿਰਧਾਰਿਤ ਹੋ ਸਕਦੀ ਹੈ।

ਗੁਰਮਤਿ ਵਿਚ ਸਿੱਖ ਨੂੰ ਪਰਮਸਤਿ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਗਈ ਹੈ। ਉਹੀ ਸਿੱਖ ਸੱਚਾਈ ਦਾ ਮਾਰਗ ਧਾਰਨ ਕਰ ਸਕਦਾ ਹੈ ਜਿਹੜਾ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਦੇ ਸਮੇਂ ਸੰਜਮ ਧਾਰਨ ਕਰੇ। ਗੁਰਬਾਣੀ ਵਿਚੋਂ ਤਿੰਨ ਪ੍ਰਮੁਖ ਸਿਧਾਂਤ ਉਜਾਗਰ ਹੁੰਦੇ ਹਨ – ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ। ਇਹ ਤਿੰਨੇ ਸਿਧਾਂਤ ਸਿੱਖ ਨੂੰ ਦੈਵੀ ਅਤੇ ਦੁਨਿਆਵੀ ਕਾਰਜਾਂ ਪ੍ਰਤੀ ਸੁਚੇਤ ਕਰਦੇ ਹਨ। ਹਰ ਇਕ ਸਿੱਖ ਨੂੰ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਦਾ ਸਿਧਾਂਤ ਧਾਰਨ ਕਰਨ ਦੀ ਤਾਕੀਦ ਕੀਤੀ ਗਈ ਹੈ। ਇਹ ਕਾਰਜ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਸਿੱਖ ਸੰਜਮੀ ਬਿਰਤੀ ਜੀਵਨ ਵਿਚ ਧਾਰਨ ਕਰੇ, ਕਾਦਿਰ ਦੀ ਹੋਂਦ ਵਿਚ ਵਿਸ਼ਵਾਸ ਰੱਖੇ ਅਤੇ ਕਾਦਿਰ ਦੀ ਬਣਾਈ ਹੋਈ ਕੁਦਰਤ ਦੇ

ਨਿਯਮਾਂ ਵਿਚ ਵਿਘਨ ਨਾ ਪਾਵੇ। ਦਰਿਆ ਦੇ ਕਿਨਾਰਿਆਂ ਵਾਂਗ ਮਨ ਦੀਆਂ ਤਰੰਗਾਂ ਨੂੰ ਕਾਬੂ ਵਿਚ ਰੱਖੇ ਅਤੇ ਦੂਜਿਆਂ ਦੇ ਦੁੱਖ ਪ੍ਰਤੀ ਸੰਵੇਦਨਸ਼ੀਲ ਹੋਵੇ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਦਾ ਖਾਣਾ-ਪੀਣਾ ਅਤੇ ਪਹਿਰਾਵਾ ਉਸ ਦੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਕਰ ਦਿੰਦਾ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਸੰਜਮ ਵਿਚ ਰਹਿਣ ਨਾਲ ਹੀ ਜੀਵਨ ਵਿਚ ਸਹਿਜ ਭਾਵਨਾ ਦਾ ਵਿਕਾਸ ਹੁੰਦਾ ਹੈ। ਸੰਜਮ ਵਿਚ ਰਹਿ ਕੇ ਹੀ ਸੁਚੱਜੀ ਜੀਵਨਜਾਚ ਧਾਰਨ ਕਰ ਸਕਦੇ ਹਾਂ:

> ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
> ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥[17]

ਸਹੀ ਸੰਜਮ ਉਹੀ ਮੰਨਿਆ ਜਾਂਦਾ ਹੈ ਜਿਹੜਾ ਅਧਿਆਤਮਿਕ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ। ਬਾਹਰੀ ਤੌਰ ਤੇ ਦਿਖਾਵੇ ਮਾਤਰ ਕਰਮਕਾਂਡ ਕਰਨ ਅਤੇ ਫੋਕਾ ਸੰਜਮ ਧਾਰਨ ਕਰਨ ਨਾਲ ਨਾ ਤਾਂ ਮਨ ਵਿਚ ਸਹਿਜ ਪੈਦਾ ਹੁੰਦਾ ਹੈ ਅਤੇ ਨਾ ਹੀ ਮਨ ਵਿਚੋਂ ਦੁਬਿਧਾ ਜਾਂਦੀ ਹੈ

> ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
> ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
> ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
> ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
> ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥[18]

ਸੰਜਮ ਵਿੱਚ ਰਹਿਣ ਲਈ ਸੱਚ ਨਾਲ ਜੁੜਨਾ ਜ਼ਰੂਰੀ ਹੈ। ਪਰਮਾਤਮਾ ਨੇ ਗਿਆਨ ਇੰਦ੍ਰੀਆਂ ਵੀ ਏਸੇ ਕਾਰਜ ਲਈ ਹੀ ਬਖ਼ਸ਼ੀਆਂ ਹਨ ਤਾਂ ਕਿ ਮਨੁੱਖ ਸਹੀ ਕਾਰਜ ਕਰਦੇ ਹੋਏ ਪਰਮਾਤਮਾ ਨਾਲ ਸੰਬੰਧ ਸਥਾਪਿਤ ਕਰ ਸਕੇ। ਮਨੁੱਖ ਦੀਆਂ ਇੰਦਰੀਆਂ ਉਸ ਦੀ ਸਰੀਰਕ ਅਤੇ ਮਾਨਸਿਕ ਅਵਸਥਾ ਨੂੰ ਹਮੇਸ਼ਾਂ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਗੁਰੂ ਅਮਰਦਾਸ ਜੀ ਨੇ ਸੰਜਮ ਧਾਰਨ ਕਰਨ ਲਈ ਸਭ ਤੋਂ ਪਹਿਲਾਂ ਗਿਆਨ ਇੰਦ੍ਰੀਆਂ ਦੀ ਸਹੀ ਵਰਤੋਂ 'ਤੇ ਜ਼ੋਰ ਦਿੱਤਾ ਹੈ:

> ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥...
> ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥[19]

**ਨਿਆਂ (Justice)** - ਨਿਆਂ ਇਕ ਅਜਿਹਾ ਸਦਗੁਣ ਹੈ ਜਿਹੜਾ ਕਿ ਸਮਾਜ ਵਿਚ ਪ੍ਰੇਮ, ਭਾਈਚਾਰੇ ਅਤੇ ਮਨੁੱਖੀ ਬਰਾਬਰੀ ਦਾ ਪ੍ਰਤੀਕ ਹੈ। ਜਿਥੇ ਸਮਾਜ ਵਿਚ ਨਿਆਂ ਪ੍ਰਣਾਲੀ ਚੁਸਤ-ਦਰੁਸਤ ਨਹੀਂ ਹੈ, ਉਥੇ ਸਮਾਜ ਦੇ ਖੇਰੂੰ-ਖੇਰੂੰ ਹੋਣ ਦਾ ਖ਼ਤਰਾ ਹਮੇਸ਼ਾਂ ਬਣਿਆ ਰਹਿੰਦਾ ਹੈ। ਨਿਆਂ ਦਾ ਵਿਰੋਧੀ ਸ਼ਬਦ ਅਨਿਆਂ ਹੈ। ਅਨਿਆਂ ਨੂੰ ਦੋ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ। ਇਕ ਇਸ ਦਾ ਬਾਹਰੀ ਰੂਪ ਹੈ ਅਤੇ ਦੂਜਾ ਅੰਤਰੀਵੀ। ਬਾਹਰੀ ਤੌਰ ਤੇ ਇਕ ਵਿਅਕਤੀ ਦੂਜੇ ਵਿਅਕਤੀ ਨਾਲ ਅਨਿਆਂ ਕਰਦਾ ਹੈ ਅਤੇ ਅੰਤਰੀਵੀ ਤੌਰ ਤੇ ਮਨੁੱਖ ਆਪਣੇ ਆਪ ਨਾਲ ਅਨਿਆਂ ਕਰਦਾ ਹੈ।

ਪਲੈਟੋ ਆਪਣੀ ਪੁਸਤਕ *ਰਿਪਬਲਿਕ* ਵਿਚ ਨਿਆਂ ਨੂੰ ਦੋ ਤਰ੍ਹਾਂ ਨਾਲ ਪਰਿਭਾਸ਼ਿਤ ਕਰਦਾ ਹੈ। ਇਕ ਪਰਿਭਾਸ਼ਾ ਵਿਚ ਉਹ 'Justice is Harmony' ਅਤੇ ਦੂਜੀ ਪਰਿਭਾਸ਼ਾ ਵਿਚ ਉਹ 'Justice is doing one's own job' ਕਹਿੰਦਾ ਹੈ। ਭਾਵੇਂ ਕਿ ਨਿਆਂ ਦੇ ਹੋਰ ਵੀ ਬਹੁਤ ਸਾਰੇ ਰੂਪ ਹੋ ਸਕਦੇ ਹਨ ਪਰ ਸਮਾਜ ਵਿਚ ਭਾਈਚਾਰੇ ਦੀ ਇਕਸੁਰਤਾ ਨੂੰ ਕਾਇਮ ਰੱਖਣ ਅਤੇ ਆਪਣੇ ਕੰਮ ਤੱਕ ਸੀਮਿਤ ਰਹਿਣ ਨੂੰ ਪ੍ਰਮੁਖ ਤੌਰ 'ਤੇ ਨਿਆਂ ਦਾ ਰੂਪ ਮੰਨਿਆ ਗਿਆ ਹੈ। ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਕੋਈ ਮਨੁੱਖ ਆਪਣੇ ਕੰਮ ਵੱਲ ਘੱਟ ਅਤੇ ਦੂਜਿਆਂ ਦੇ ਕੰਮ ਵੱਲ ਵਧੇਰੇ ਧਿਆਨ ਦੇਣ ਲੱਗ ਪੈਂਦਾ ਹੈ। ਇਸ ਨਾਲ ਇਕ ਤਾਂ ਆਪਣੇ ਕੀਤੇ ਜਾਣ ਵਾਲੇ ਕੰਮ ਵੱਲ ਧਿਆਨ ਘੱਟ ਜਾਂਦਾ ਹੈ ਅਤੇ

ਦੂਜਾ ਦੂਜਿਆਂ ਦੇ ਕੰਮ ਵਿਚ ਦਖ਼ਲ ਅੰਦਾਜ਼ੀ ਵੱਧ ਜਾਂਦੀ ਹੈ ਜਿਹੜੀ ਕਿ ਭਾਈਚਾਰਕ ਇਕਸੁਰਤਾ ਕਾਇਮ ਰੱਖਣ ਵਿਚ ਵਿਘਨ ਪਾਉਂਦੀ ਹੈ। ਕਈ ਵਾਰੀ ਕਾਰਜ ਪ੍ਰਤੀ ਜ਼ਿੰਮੇਵਾਰੀ ਦੀ ਅਣਹੋਂਦ ਨਾਲ ਸਮਾਜ ਵਿਚ ਅਫ਼ਰਾਤਫ਼ਰੀ ਅਤੇ ਗੁੱਸੇ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਸਮਾਜ ਵਿਚ ਨਿਆਂ ਅਜਿਹੀ ਕਾਰਜ ਪ੍ਰਣਾਲੀ ਹੈ ਜਿਹੜੀ ਰਾਜਸੱਤਾ ਦੀ ਸਥਾਪਤੀ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਪਲੈਟੋ ਕਹਿੰਦਾ ਹੈ ਕਿ ਸ਼ਾਸ਼ਕ, ਸ਼ਸਤਰਧਾਰੀ ਅਤੇ ਕਾਮੇ ਵਿਚਕਾਰ ਸਮਤੋਲ ਪੈਦਾ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਇਹ ਸਮਤੋਲ ਕਾਇਮ ਰਹੇਗਾ ਤਾਂ ਹੀ ਨਿਆਂ ਵਿਵਸਥਾ ਸਹੀ ਰੂਪ ਵਿਚ ਕਾਰਜ ਕਰ ਸਕਦੀ ਹੈ।

ਪਲੈਟੋ ਦੁਆਰਾ ਪੇਸ਼ ਕੀਤੀ ਨਿਆਂ ਪ੍ਰਣਾਲੀ ਦੀ ਸਮਤੋਲ ਵਿਵਸਥਾ ਸਮੂਹਿਕ ਸਮਾਜ ਤੇ ਇਕੋ ਜਿਹੀ ਲਾਗੂ ਕੀਤੀ ਜਾ ਸਕਦੀ ਹੈ। ਜਦੋਂ ਕਦੇ ਵੀ ਸਮਾਜ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਅਸੰਤੋਸ਼ ਦੀ ਭਾਵਨਾ ਪੈਦਾ ਹੁੰਦੀ ਹੈ ਤਾਂ ਉਸ ਦੇ ਪਿੱਛੇ ਕਿਸੇ ਨਾ ਕਿਸੇ ਰੂਪ ਵਿਚ ਅਨਿਆਂ ਦੀ ਭਾਵਨਾ ਕਾਰਜ ਕਰ ਰਹੀ ਹੁੰਦੀ ਹੈ। ਭਾਰਤ ਜਿਹੇ ਇਕ ਵੱਡੇ ਦੇਸ ਦੇ ਗ਼ੁਲਾਮ ਹੋਣ ਪਿੱਛੇ ਇਸੇ ਪ੍ਰਣਾਲੀ ਦੀ ਅਣਹੋਂਦ ਨੂੰ ਇਕ ਵੱਡਾ ਕਾਰਨ ਮੰਨਿਆ ਜਾ ਸਕਦਾ ਹੈ। ਭਾਰਤੀ ਰਾਜ ਅਤੇ ਸਮਾਜ ਦੀ ਅੰਦਰੂਨੀ ਫੁੱਟ ਨੇ ਬਾਹਰੀ ਹਮਲਾਵਰਾਂ ਨੂੰ ਹਮਲਾ ਕਰਨ ਲਈ ਪ੍ਰੇਰਿਤ ਕੀਤਾ ਸੀ। ਮੁਹੰਮਦ ਬਿਨ ਕਾਸਿਮ ਨੇ ੭੧੨ ਈਸਵੀ ਵਿੱਚ ਭਾਰਤ ਤੇ ਪਹਿਲਾ ਹਮਲਾ ਕੀਤਾ ਤਾਂ ਉਸ ਤੋਂ ਬਾਅਦ ਭਾਰਤ ਤੇ ਹਮਲਾ ਕਰਨ ਵਾਲਿਆਂ ਨੇ ਜ਼ੋਰ ਫੜ ਲਿਆ। ਅਫ਼ਗ਼ਾਨਿਸਤਾਨ ਵਿੱਚ ਜਿਹੜਾ ਹਾਕਮ ਗੱਦੀ ਤੋਂ ਲਾਹ ਦਿੱਤਾ ਜਾਂਦਾ ਸੀ ਜਾਂ ਉਥੋਂ ਦਾ ਜਿਹੜਾ ਹਾਕਮ ਆਪਣੀ ਤਾਕਤ ਵਧਾਉਣੀ 'ਤੇ ਵਿਖਾਉਣੀ ਚਾਹੁੰਦਾ ਸੀ ਉਹ ਭਾਰਤ ਵੱਲ ਮੂੰਹ ਕਰ ਲੈਂਦਾ ਸੀ। ਬਾਬਰ ਨੂੰ ਵੀ ਜਦੋਂ ਉਥੋਂ ਕੱਢ ਦਿੱਤਾ ਗਿਆ ਤਾਂ ਉਸ ਨੇ ਆਪਣਾ ਮੂੰਹ ਭਾਰਤ ਵੱਲ ਕਰ ਲਿਆ ਸੀ। ਹਮਲਾਵਰਾਂ ਨੂੰ ਦੁਸ਼ਮਣ ਦੇਸਾਂ ਨਾਲ ਕੋਈ ਹਮਦਰਦੀ ਨਹੀਂ ਹੁੰਦੀ ਅਤੇ ਉਹ ਧਨ-ਮਾਲ ਪ੍ਰਾਪਤ ਕਰਨ ਲਈ ਕਿਸੇ ਵੀ ਹੱਦ ਤੱਕ ਚੱਲੇ ਜਾਂਦੇ ਹਨ, ਉਨ੍ਹਾਂ ਦੇ ਮਨ ਵਿੱਚ ਮਨੁੱਖੀ ਜੀਵਨ ਦੀ ਕੋਈ ਕੀਮਤ ਨਹੀਂ ਹੁੰਦੀ। ਬਾਬਰ ਨੇ ਜਦੋਂ ਭਾਰਤ ਤੇ ਹਮਲਾ ਕੀਤਾ ਤਾਂ ਉਸ ਦੁਆਰਾ ਕੀਤੀ ਤਬਾਹੀ ਨੂੰ ਬਿਆਨ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਪਰਮਾਤਮਾ ਨਾਲ ਗਿਲਾ ਕਰਦੇ ਹੋਏ ਕਹਿੰਦੇ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥੧॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥[20]

ਗੁਰੂ ਨਾਨਕ ਦੇਵ ਜੀ ਰਾਜੇ ਨੂੰ ਧਰਮ ਅਤੇ ਨਿਆਂ ਦਾ ਪ੍ਰਤੀਕ ਮੰਨਦੇ ਹਨ ਜਿਸ ਦੇ ਰਾਜ ਵਿੱਚ ਕਿਸੇ ਨਾਲ ਅਨਿਆਂ ਅਤੇ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ:

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥[21]

ਜਦੋਂ ਕਿਸੇ ਰਾਜੇ ਦੇ ਰਾਜ ਵਿੱਚ ਭੇਦਭਾਵ ਅਤੇ ਬੇਈਮਾਨੀ ਦਾ ਦੌਰ ਸ਼ੁਰੂ ਹੋ ਜਾਵੇ ਤਾਂ ਉਸ ਰਾਜ ਦੀਆਂ ਨੀਹਾਂ ਖੋਖਲੀਆਂ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਜਦੋਂ ਲੋਕਾਂ ਨਾਲ ਬੇਇਨਸਾਫ਼ੀ ਹੁੰਦੀ ਦੇਖੀ ਤਾਂ ਸੱਚ ਬੋਲੇ ਬਗ਼ੈਰ ਨਾ ਰਹਿ ਸਕੇ। ਉਨ੍ਹਾਂ ਸਮਾਜ ਦੀ ਨਿਆਂ ਪ੍ਰਣਾਲੀ ਵਿੱਚ ਅਖੌਤੀ ਧਰਮ ਦੇ ਆਸਰੇ ਪੈਦਾ ਹੋਈ ਬੇਈਮਾਨੀ ਨੂੰ ਉਜਾਗਰ ਕਰਦੇ ਹੋਏ ਕਿਹਾ:

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥

ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥[22]

ਮੁਲਾਂ ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ ਭਰਮੁ ਨ ਜਾਈ॥[23]

ਜਿਹੜੇ ਰਾਜੇ ਆਪਣੇ ਬਲ ਦੇ ਜ਼ੋਰ ਤੇ ਰਾਜ ਕਰਨਾ ਚਾਹੁੰਦੇ ਹਨ ਉਨ੍ਹਾਂ ਦੇ ਦਰਬਾਰੀ ਅਤੇ ਅਫ਼ਸਰ ਲੋਕਾਂ ਨੂੰ ਲੁੱਟਣ ਦੀ ਖੁੱਲ੍ਹ ਲੈ ਲੈਂਦੇ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥

ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥

ਜਿਥੈ ਜੀਆਂ ਹੋਸੀ ਸਾਰ ॥ ਨਕੀਂ ਵਢੀਂ ਲਾਇਤਬਾਰ॥[24]

ਰਾਜਨੀਤਿਕ ਆਗੂਆਂ ਦੇ ਪ੍ਰਭਾਵ ਅਧੀਨ ਲੋਕ ਧਾਰਮਿਕ ਕਦਰਾਂ ਕੀਮਤਾਂ ਨੂੰ ਭੁੱਲ ਜਾਂਦੇ ਹਨ, ਉਨ੍ਹਾਂ ਦਾ ਇਕੋ ਇਕ ਨਿਸ਼ਾਨਾ ਦੂਜਿਆਂ ਨੂੰ ਨੀਵਾਂ ਦਿਖਾਉਣਾ ਰਹਿ ਜਾਂਦਾ ਹੈ। ਰਾਜਨੀਤਿਕ ਆਗੂਆਂ ਦੁਆਰਾ ਲੋਕਾਂ ਵਿੱਚ ਪਾਈਆਂ ਵੰਡੀਆਂ ਦਾ ਪ੍ਰਭਾਵ ਸਮਾਜ ਦੇ ਹਰ ਤਬਕੇ ਤੱਕ ਦੇਖਣ ਨੂੰ ਮਿਲਦਾ ਹੈ।

ਰਾਜ ਅਤੇ ਧਰਮ ਮਨੁੱਖ ‘ਤੇ ਇਕੋ ਜਿਹਾ ਪ੍ਰਭਾਵ ਪਾਉਂਦੇ ਹਨ। ਜੇਕਰ ਰਾਜਾ ਨਿਆਂ ਸਹੀ ਤਰ੍ਹਾਂ ਨਾ ਦੇ ਸਕੇ ਤਾਂ ਲੋਕੀ ਬਿਰਤੀ ਰਾਜਧਰੋਹ ਵਾਲੀ ਹੋ ਜਾਂਦੀ ਹੈ ਏਸੇ ਤਰ੍ਹਾਂ ਜੇਕਰ ਧਾਰਮਿਕ ਸ਼੍ਰੇਣੀ ਸਹੀ ਰੂਪ ਵਿਚ ਕਾਰਜ ਨਾ ਕਰੇ ਤਾਂ ਲੋਕ ਧਰਮ ਦੀ ਸਹੀ ਭਾਵਨਾ ਤੋਂ ਦੂਰ ਚੱਲੇ ਜਾਂਦੇ ਹਨ। ਰਾਜ ਅਤੇ ਧਰਮ ਦੋਵਾਂ ਦਾ ਹੀ ਸੁਚੇਤ ਅਤੇ ਸਦਾਚਾਰੀ ਹੋ ਕੇ ਕਾਰਜ ਕਰਨਾ ਬਹੁਤ ਜ਼ਰੂਰੀ ਹੈ ਤਾਂ ਹੀ ਸਮਾਜ ਵਿਚ ਸ਼ਾਂਤੀ ਕਾਇਮ ਰਹਿ ਸਕਦੀ ਹੈ।

ਧਰਮ ਵਿਚ ਪ੍ਰੋਹਿਤ ਸ਼੍ਰੇਣੀ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਉਹਨਾਂ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਧਾਰਮਿਕ ਕਾਰਜ ਕਰਦੇ ਸਮੇਂ ਧਰਮ ਦੀ ਮੂਲ ਭਾਵਨਾ ਨੂੰ ਅੱਖੋਂ ਪਰੋਖੇ ਨਾ ਕਰਨ। ਧਾਰਮਿਕ ਆਗੂਆਂ ਦਾ ਕੰਮ ਹੁੰਦਾ ਹੈ ਕਿ ਸਮਾਜ ਨੂੰ ਧਰਮ ਦੀ ਸਹੀ ਸੋਝੀ ਪੈਦਾ ਕਰਕੇ ਲੋਕਾਂ ਨੂੰ ਵਹਿਮਾਂ, ਭਰਮਾਂ ਆਦਿ ਤੋਂ ਮੁਕਤ ਕਰਕੇ ਪ੍ਰਭੂ-ਪ੍ਰਾਪਤੀ ਦਾ ਸੌਖਾ ਮਾਰਗ ਦੱਸਣ। ਪਰ ਜੇਕਰ ਪ੍ਰੋਹਿਤ ਸ਼੍ਰੇਣੀ ਲਾਲਚ ਅਤੇ ਬੇਈਮਾਨੀ ਦੇ ਰਾਹ ਪੈ ਜਾਵੇ ਤਾਂ ਫਿਰ ਸਮਾਜ ਵਿੱਚ ਝੂਠ ਅਤੇ ਕੂੜ ਦਾ ਬੋਲਬਾਲਾ ਹੋ ਜਾਣਾ ਸੁਭਾਵਿਕ ਹੈ। ਭਗਤ ਕਬੀਰ ਜੀ ਦੇ ਸਮੇਂ ਬ੍ਰਾਹਮਣਾਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਜਿਹੜਾ ਬਨਾਰਸ ਵਿਖੇ ਨਹੀਂ ਮਰਦਾ, ਉਸ ਦੀ ਮੁਕਤੀ ਨਹੀਂ ਹੋ ਸਕਦੀ। ਕਬੀਰ ਜੀ ਨੇ ਲੋਕਾਂ ਨੂੰ ਪ੍ਰੋਹਿਤ ਸ਼੍ਰੇਣੀ ਦੇ ਇਸ ਮੱਕੜਜਾਲ ਵਿੱਚੋਂ ਕੱਢਣ ਲਈ ਬਹੁਤ ਯਤਨ ਕੀਤੇ ਜਿਸ ਦੇ ਸਿੱਟੇ ਵੱਜੋਂ ਉਹਨਾਂ ਨੂੰ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਵੀ ਕਰਨਾ ਪਿਆ, ਪਰ ਉਹ ਆਪਣੇ ਜੀਵਨ-ਉਦੇਸ਼ ਤੋਂ ਜ਼ਰਾ ਵੀ ਡੋਲੇ ਨਹੀਂ। ਉਨ੍ਹਾਂ ਸਮਝਾਇਆ ਕਿ ਸਮੁੱਚੀ ਧਰਤੀ ਪਰਮਾਤਮਾ ਦੀ ਬਣਾਈ ਹੋਈ ਹੈ ਅਤੇ ਇਸ ਧਰਤੀ ਦਾ ਹਰ ਕੋਨਾ ਪਵਿੱਤਰ ਹੈ। ਮਨੁੱਖ ਧਰਤੀ ਦੇ ਜਿਸ ਵੀ ਕੋਨੇ ਵਿੱਚ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹਾ ਫਲ ਮਿਲ ਜਾਂਦਾ ਹੈ। ਸ਼ੁਭ ਫਲ ਦੀ ਪ੍ਰਾਪਤੀ ਲਈ ਪਰਮਾਤਮਾ ਦੀ ਬਖ਼ਸ਼ਿਸ਼ ਪ੍ਰਾਪਤ ਕਰਨੀ ਜ਼ਰੂਰੀ ਹੈ:

ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ॥[25]

ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ॥

ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ॥੨॥

ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ॥[26]

ਧਾਰਮਿਕ ਸ਼੍ਰੇਣੀਆਂ ਦੇ ਆਗੂਆਂ ਨੇ ਸਮਾਜ ਨੂੰ ਅਗਵਾਈ ਦੇਣ ਦੀ ਥਾਂ ਸਵਾਰਥ ਹਿਤ ਲੋਕਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ ਜਿਸ ਨਾਲ ਆਮ ਲੋਕਾਂ ਲਈ ਧਾਰਮਿਕ ਕਾਰਜ ਅਤੇ ਰਸਮਾਂ ਕਰਨੀਆਂ ਔਖੀਆਂ ਹੋ ਗਈਆਂ ਸਨ।

ਧਾਰਮਿਕ ਚੋਲਾ ਪਾ ਕੇ ਲੋਕਾਂ ਦਾ ਸ਼ੋਸ਼ਣ ਕਰਨ ਵਾਲੇ ਵਿਅਕਤੀ ਆਮ-ਲੋਕਾਂ ਅਤੇ ਰੱਬ ਦੇ ਵਿਚਕਾਰ ਅਜਿਹੇ ਸਥਾਪਿਤ ਹੋ ਗਏ ਸਨ ਕਿ ਲੋਕ ਵੀ ਉਹਨਾਂ ਨੂੰ ਰੱਬ ਤੱਕ ਪਹੁੰਚਾਉਣ ਵਾਲਾ ਸੌਖਾ ਸਾਧਨ ਮੰਨਣ ਲੱਗ ਪਏ ਸਨ ਅਤੇ ਉਹਨਾਂ ਦੀ ਹਰ ਚੰਗੀ-ਮਾੜੀ ਗੱਲ ਨੂੰ ਬਗ਼ੈਰ ਕਿਸੇ ਵਿਸ਼ਲੇਸ਼ਣ ਦੇ ਪ੍ਰਵਾਨ ਕਰਨ ਲੱਗੇ ਸਨ ਜਿਸ ਨਾਲ ਧਾਰਮਿਕ ਖੜੋਤ ਪੈਦਾ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਅਜਿਹੇ ਅਖੌਤੀ ਧਾਰਮਿਕ ਆਗੂਆਂ ਦੁਆਰਾ ਕੀਤੀ ਜਾ ਰਹੀ ਲੁੱਟ-ਖਸੁੱਟ ਨੂੰ ਅਨਿਆਂ ਦਾ ਦਰਜਾ ਦਿੰਦੇ ਹੋਏ ਉਨ੍ਹਾਂ ਤੋਂ ਸੁਚੇਤ ਕਰਦੇ ਹੋਏ ਕਹਿੰਦੇ ਹਨ:

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ੍ ਛਜ॥[27]

ਧਾਰਮਿਕ ਸ਼੍ਰੇਣੀ ਦੇ ਨਾਲ-ਨਾਲ ਮਨੁੱਖ ਦੀ ਆਪਣੀ ਬਿਰਤੀ ਵੀ ਕਈ ਵਾਰ ਉਸ ਦੇ ਆਪਣੇ ਲਈ ਅਨਿਆਂਕਾਰੀ ਹੋ ਜਾਂਦੀ ਹੈ। ਆਪਣੇ ਸਰੀਰ ਨੂੰ ਅਤਿ ਕਸ਼ਟਦਾਇਕ ਸਥਿਤੀ ਵਿੱਚ ਪਾ ਕੇ ਆਪਣੇ ਉਦੇਸ਼ ਦੀ ਪ੍ਰਾਪਤੀ ਦੀ ਇੱਛਾ ਪੈਦਾ ਕਰਦਾ ਹੈ। ਆਪਣੇ ਕੀਤੇ ਹੋਏ ਜਪ-ਤਪ ਦੇ ਬਲ ‘ਤੇ ਉਹ ਲੋਕਾਂ ਨੂੰ ਡਰਾਉਣ ਦੇ ਕੰਮ ਵਿਚ ਲੱਗ ਜਾਂਦਾ ਹੈ। ਫ਼ਲਸਰੂਪ, ਲੋਕਾਂ ਦਾ ਧਾਰਮਿਕ ਸ਼੍ਰੇਣੀ ਵਿਚ ਵਿਸ਼ਵਾਸ ਮਨਫ਼ੀ ਹੋਣ ਲੱਗ ਪੈਂਦਾ ਹੈ। ਸਮਾਜ ਦਾ ਵਧੇਰੇ ਹਿੱਸਾ ਸਮਾਜ ਵਿਚ ਰਹਿ ਕੇ ਹੀ ਅਧਿਆਤਮਿਕ ਉਦੇਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ।

ਸਮਾਜ ਵਿਚ ਨਿਆਂ ਤਾਂ ਹੀ ਕਾਇਮ ਰਹਿ ਸਕਦਾ ਹੈ ਜੇਕਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਧਰ ‘ਤੇ ਸਮਤੋਲ ਕਾਇਮ ਰਹੇ। ਇਸ ਗੱਲ ਦਾ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਨਿਆਂ ਪ੍ਰਦਾਨ ਕਰਨ ਵੇਲੇ ਕੇਵਲ ਸੱਚਾਈ ਦਾ ਮਾਰਗ ਹੀ ਸਰਬੋਤਮ ਸਾਬਿਤ ਹੁੰਦਾ ਹੈ। ਜਿਹੜਾ ਵਿਅਕਤੀ ਸੱਚਾਈ ਤੋਂ ਦੂਰ ਰਹਿਣ ਦਾ ਯਤਨ ਕਰਦਾ ਹੈ, ਉਹ ਨਿਆਂ ਪ੍ਰਦਾਨ ਨਹੀਂ ਕਰ ਸਕਦਾ।

ਵਿਵੇਕ ਬੁੱਧੀ, ਸਾਹਸ, ਸੰਜਮ ਅਤੇ ਨਿਆਂ ਰੂਪੀ ਚਾਰੇ ਸਦਗੁਣ ਆਪਸ ਵਿਚ ਜੁੜੇ ਹੋਏ ਹਨ, ਇਕ-ਦੂਜੇ ਦੇ ਪੂਰਕ ਹਨ, ਇਕ ਤੋਂ ਬਗੈਰ ਦੂਜੇ ਦੀ ਕਲਪਨਾ ਕਰਨੀ ਸੰਭਵ ਨਹੀਂ। ਸੁਕਰਾਤ ਨੇ ਇਨ੍ਹਾਂ ਲਈ ਕੇਵਲ ਇਕ ਸ਼ਬਦ ਸਦਗੁਣ ਦੀ ਹੀ ਵਰਤੋਂ ਕੀਤੀ ਹੈ। ਉਹ ਗਿਆਨ ਨੂੰ ਹੀ ਸਦਗੁਣ ਮੰਨਦਾ ਹੈ। ਪਲੈਟੋ ਨੇ ਸਦਗੁਣ ਦੀ ਵਿਆਖਿਆ ਚਾਰ ਰੂਪਾਂ ਵਿਚ ਕੀਤੀ ਹੈ। ਇਹ ਚਾਰੇ ਸਦਗੁਣ ਸਮੂਹ ਧਰਮਾਂ ਅਤੇ ਆਦਰਸ਼ ਸਮਾਜ ਦਾ ਹਿੱਸਾ ਹਨ। ਗੁਰਮਤਿ ਦਰਸ਼ਨ ਵਿਚ ਇਨ੍ਹਾਂ ਸਦਗੁਣਾਂ ਨੂੰ ਜੀਵਨ ਵਿਚੋਂ ਮਨਫ਼ੀ ਨਹੀਂ ਕੀਤਾ ਗਿਆ ਬਲਕਿ ਇਨ੍ਹਾਂ ਸਮੂਹ ਸਦਗੁਣਾਂ ਨੂੰ ਪਰਮਾਤਮਾ ਦੀ ਪ੍ਰਭੁਤਾ ਦੇ ਅਧੀਨ ਰੱਖ ਕੇ ਦੇਖਿਆ ਜਾਂਦਾ ਹੈ। ਇਸ ਕਰਕੇ ਸਿੱਖ ਧਰਮ ਵਿਚ ਇਨ੍ਹਾਂ ਚਾਰੇ ਸਦਗੁਣਾਂ ਤੋਂ ਪਹਿਲਾਂ ਸੱਚਾਈ ਨੂੰ ਰੱਖਿਆ ਗਿਆ ਹੈ। ਸੱਚਾਈ ਪਰਮਸਤਿ ਦੇ ਰੂਪ ਵਿਚ ਪਰਮਾਤਮਾ ਦੀ ਹੋਂਦ ਵੱਲ ਸੰਕੇਤ ਕਰਦੀ ਹੈ ਅਤੇ ਬਾਕੀ ਸਦਗੁਣ ਤਾਂ ਹੀ ਸਹੀ ਰੂਪ ਵਿਚ ਪ੍ਰਗਟ ਹੋ ਸਕਦੇ ਹਨ ਜੇਕਰ ਉਨ੍ਹਾਂ ਵਿਚ ਸੱਚਾਈ ਦਾ ਅੰਸ਼ ਮੌਜੂਦ ਹੋਵੇਗਾ। ਗੁਰਮਤਿ ਦਰਸ਼ਨ ਵਿਚ ਉਹਨਾਂ ਕਾਰਜਾਂ ਨੂੰ ਸਦਗੁਣ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜਿਹੜੇ ਮਨੁੱਖ ਨੂੰ ਪਰਮਾਤਮਾ ਦੇ ਮਾਰਗ ‘ਤੇ ਲੈ ਕੇ ਜਾਂਦੇ ਹਨ ਅਤੇ ਜਿਹੜੇ ਕਾਰਜ ਮਨੁੱਖ ਨੂੰ ਪਰਮਾਤਮਾ ਦੇ ਮਾਰਗ ਤੋਂ ਦੂਰ ਲੈ ਕੇ ਜਾਂਦੇ ਹਨ ਉਹਨਾਂ ਨੂੰ ਦੁਰਗੁਣ ਮੰਨਿਆ ਜਾਂਦਾ ਹੈ – ਹਰਿ ਬਿਸਰਤ ਤੇਰੇ ਗੁਣ ਗਲਿਆ॥[28] ਸਦਗੁਣ ਕਥਨੀ ਅਤੇ ਕਰਨੀ ਵਿਚ ਇਕਸੁਰਤਾ ਪੈਦਾ ਕਰਦੇ ਹਨ। ਗੁਰੂ ਸਾਹਿਬਾਨ ਇਹਨਾਂ ਸਦਗੁਣਾਂ ਦਾ ਵਿਖਿਆਨ ਕਰਨ ਦੇ ਨਾਲ-ਨਾਲ ਅਮਲੀ ਤੌਰ ‘ਤੇ ਇਹਨਾਂ ਨੂੰ ਜੀਵਨ ਵਿਚ ਧਾਰਨ ਕਰਨ ਦਾ ਆਦੇਸ਼ ਕਰਦੇ ਹਨ। ਭਾਵੇਂ ਕਿ ਇਹ ਇਕ ਔਖਾ ਕਾਰਜ ਹੈ ਪਰ ਅਸੰਭਵ ਨਹੀਂ।

**ਹਵਾਲੇ**

1. ਗੁਰੂ ਗ੍ਰੰਥ ਸਾਹਿਬ, ਪੰਨਾ 661.

2. ਉਹੀ, ਪੰਨਾ 1185.
3. ਉਹੀ, ਪੰਨਾ 1092.
4. ਉਹੀ, ਪੰਨਾ 1381.
5. *ਵਾਰਾਂ ਭਾਈ ਗੁਰਦਾਸ*, ਵਾਰ 1, ਪਉੜੀ 33.
6. ਗੁਰੂ ਗ੍ਰੰਥ ਸਾਹਿਬ, ਪੰਨਾ 62.
7. ਉਹੀ, ਪੰਨਾ 471.
8. ਉਹੀ, ਪੰਨਾ 939.
9. ਉਹੀ, ਪੰਨਾ 1245.
10. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰੁਤ 3.50.
11. ਗੁਰੂ ਗ੍ਰੰਥ ਸਾਹਿਬ, ਪੰਨਾ 491.
12. ਉਹੀ, ਪੰਨਾ 491.
13. ਉਹੀ, ਪੰਨਾ 1378.
14. ਉਹੀ, ਪੰਨਾ 1022.
15. ਉਹੀ, ਪੰਨਾ 1105.
16. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸਿ 3, ਅੰਸੂ 62.41.
17. ਗੁਰੂ ਗ੍ਰੰਥ ਸਾਹਿਬ, ਪੰਨਾ 16.
18. ਉਹੀ, ਪੰਨਾ 919.
19. ਉਹੀ, ਪੰਨਾ 922.
20. ਉਹੀ, ਪੰਨਾ 360.
21. ਉਹੀ, ਪੰਨਾ 1240.
22. ਉਹੀ, ਪੰਨਾ 951.
23. ਉਹੀ, ਪੰਨਾ 1350.
24. ਉਹੀ, ਪੰਨਾ 1288.
25. ਉਹੀ, ਪੰਨਾ 692.
26. ਉਹੀ, ਪੰਨਾ 696.
27. ਉਹੀ, ਪੰਨਾ 1286.
28. ਉਹੀ, ਪੰਨਾ 12.

# Milestone Education Review (ISSN:2278-2168)

***Milestone Education Review*** **(The Journal of Ideas on Educational & Social Transformation) is an online peer-reviewed bi-annual journal of Milestone Education Society (Regd.) Pehowa (Kurukshetra). For us education refers to any act or experience that has a formative effect on the mind, character, or physical ability of an individual. The role of education must be as an instrument of social change and social transformation. Social transformation refers to large scale of social change as in cultural reforms and transformations. The first occurs with the individual, the second with the social system. This journal offers an opportunity to all academicians including educationist, social-scientists, philosophers and social activities to share their views. Each issue contains about 100 pages.**

## Contact Us:

Dr. Desh Raj Sirswal,

Programme Co-ordinator,

Centre for Positive Philosophy and Interdisciplinary Studies(CPPIS),

Balmiki Dharmashala, Ward No.06,

Pehowa (Kurukshetra)-136128 (Haryana)

E-mail: cppiskkr@gmail.com

**Website: http://positivephilosophy.webs.com**